A-CLASS
FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

SMART KEY & TRANSPONDER KEY PROGRAMMING
KEY 4U
122-12885 85 AVE. SURREY, B.C
236-999-7980, 604-501-2125

World's Largest Punjabi Weekly
ਅਜੀਤ
13 to 19 Nov. 2025 ALBERTA Division of 6178235 Canada Inc.
AJIT WEEKLY
Corporate Office: 7015-Tranmere Dr. Unit # 1 & 2 Mississauga, On. L5S 1T7 Canada

ਸੂਰਜਵੰਸ਼ੀ ਦਵਾਖਾਨਾ
ਮਰਦਾਨਾ ਕਮਜ਼ੋਰੀ ਤੋਂ ਸ਼ਰਮਿੰਦਾ ਹੋ ?
ਘਬਰਾਉਣ ਦੀ ਲੋੜ ਨਹੀਂ
ਫ਼ੋਨ: 416-992-5489

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਬੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST. (PAYAL BUSINESS CENTRE) SURREY

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.

VOL. 29 | No. 1674 | ajitweekly.com | darshantv.ca | 7fb.com/ajitweeklycanada | youtube.com/@ajitweeklycanada | info@ajitweekly.com | 1-905-671-4761, 416-899-2548 | Price: $1.00

2026 'ਚ ਇਨਸਾਨਾਂ ਲਈ ਹੈ ਵੱਡਾ ਖ਼ਤਰਾ

ਪੰਕਜ ਗੋਗਨਾ

ਸਰੀ: ਦੁਨੀਆਂ ਭਰ 'ਚ ਆਪਣੀਆਂ ਭਵਿੱਖਬਾਣੀਆਂ ਲਈ ਪ੍ਰਸਿੱਧ ਬੁਲਗਾਰੀਆ ਦੀ ਭਵਿੱਖਬਾਣੀ ਕਰਨ ਵਾਲੀ ਬਾਬਾ ਵੈਂਗਾ ਇੱਕ ਵਾਰ ਮੁੜ ਚਰਚਾ 'ਚ ਹੈ। ਉਨ੍ਹਾਂ ਦੀਆਂ 2026 ਨਾਲ ਜੁੜੀਆਂ ਭਵਿੱਖਬਾਣੀਆਂ ਨੇ ਲੋਕਾਂ 'ਚ ਦਹਿਸ਼ਤ ਅਤੇ ਚਰਚਾ ਦੋਵੇਂ ਪੈਦਾ ਕਰ ਦਿੱਤੇ ਹਨ। ਵੈਂਗਾ ਦੀਆਂ ਕਈ ਪੁਰਾਣੀਆਂ ਗੱਲਾਂ ਜਿਵੇਂ ਕਿ 9/11 ਹਮਲਾ, ਸੁਨਾਮੀ ਅਤੇ ਬ੍ਰਿਟੇਨ ਦਾ ਯੌਰਪੀ ਸੰਘ 'ਚੋਂ ਨਿਕਲਣਾ, ਆਦਿ ਸਮੇਂ ਦੇ ਹੈ। ਨਾਲ-ਨਾਲ ਸੱਚ ਸਾਬਿਤ ਹੋਈਆਂ। ਹੁਣ ਉਨ੍ਹਾਂ ਦਾ ਕਹਿਣਾ ਹੈ ਕਿ 2026 ਮਨੁੱਖਤਾ ਲਈ ਵੱਡੇ ਬਦਲਾਵਾਂ ਅਤੇ ਚੁਣੌਤੀਆਂ ਦਾ ਸਾਲ ਹੋਵੇਗਾ।

19 ਹੋਵੇਗੀ ਕਾਬੂ ਤੋਂ ਬਾਹਰ: ਬਾਬਾ ਵੈਂਗਾ ਦਾ ਕਹਿਣਾ ਹੈ ਕਿ 2026 ਤਕ ਆਰਟੀਫ਼ੀਸ਼ਲ ਇੰਟੈਲੀਜੈਂਸ (19) ਇੰਨੀ ਤੇਜ਼ੀ ਨਾਲ ਵਿਕਸਿਤ ਹੋ ਜਾਵੇਗੀ ਕਿ ਇਹ ਇਨਸਾਨੀ ਕਾਬੂ ਤੋਂ ਬਾਹਰ ਹੋ ਸਕਦੀ ਹੈ। ਇਸ ਨਾਲ ਸਮਾਜਿਕ ਅਤੇ ਨੈਤਿਕ ਸਮੱਸਿਆਵਾਂ ਵਧਣ ਦਾ ਖ਼ਤਰਾ

ਕੁਦਰਤੀ ਆਫ਼ਤਾਂ 'ਚ ਵਾਧਾ: ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਭੂਚਾਲ, ਜਵਾਲਾਮੁੱਖੀ ਵਿਸਫ਼ੋਟ ਅਤੇ ਤੂਫ਼ਾਨਾਂ ਦੀ ਗਿਣਤੀ 'ਚ ਵੀ ਵੱਡਾ ਵਾਧਾ ਹੋ ਸਕਦਾ ਹੈ। ਇਸ ਨਾਲ ਧਰਤੀ ਦੇ 7-8 ਫ਼ੀਸਦੀ ਹਿੱਸੇ 'ਤੇ ਗੰਭੀਰ ਪ੍ਰਭਾਵ ਪੈ ਸਕਦਾ ਹੈ। ਇਸ ਨਾਲ ਕਈ ਈਕੋਸਿਸਟਮ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ ਅਤੇ ਕਈ ਦੇਸ਼ਾਂ 'ਚ ਭਾਰੀ ਤਬਾਹੀ ਹੋ ਸਕਦੀ ਹੈ।

ਆਰਥਿਕ ਸੰਕਟ ਅਤੇ ਮਹਿੰਗਾਈ ਦਾ ਸਾਇਆ: ਬਾਬਾ ਵੈਂਗਾ ਨੇ ਦੱਸਿਆ ਕਿ 2026 'ਚ ਦੁਨੀਆਂ ਦੇ ਕਈ ਦੇਸ਼ ਆਰਥਿਕ ਤੰਗੀ ਅਤੇ ਮਹਿੰਗਾਈ ਨਾਲ ਜੂਝ ਸਕਦੇ ਹਨ। ਇਸ ਦੇ ਨਤੀਜੇ ਵਜੋਂ ਲੋਕਾਂ ਦਾ ਜੀਵਨ ਮਿਆਰ ਘਟੇਗਾ। ਉਨ੍ਹਾਂ ਦਾ ਅਨੁਮਾਨ ਹੈ ਕਿ ਕੁਦਰਤੀ ਆਫ਼ਤਾਂ ਦੇ ਨਾਲ-ਨਾਲ ਆਰਥਿਕ ਤੰਗੀ ਵੀ ਗਲੋਬਲ ਪੱਧਰ 'ਤੇ ਲੋਕਾਂ ਨੂੰ ਪ੍ਰਭਾਵਿਤ ਕਰੇਗੀ।

ਏਲੀਅਨਜ਼ ਨਾਲ ਸੰਪਰਕ ਦੀ ਕੋਸ਼ਿਸ਼: ਸਭ ਤੋਂ ਰੋਮਾਂਚਕ ਭਵਿੱਖਬਾਣੀ ਇਹ ਹੈ ਕਿ 2026 'ਚ ਵਿਗਿਆਨੀ ਪਰਗਟ ਜੀਵਾਂ (Aliens) (ਬਾਕੀ ਸਫ਼ਾ 2 'ਤੇ)

Trump ਜਾਣਦਾ ਸੀ Epstein ਵਲੋਂ ਵਰਗਲਾਈਆਂ ਲੜਕੀਆਂ ਬਾਰੇ

ਵਾਸ਼ਿੰਗਟਨ: US 'ਚ ਡੈਮੋਕ੍ਰੈਟਿਕ ਪਾਰਟੀ ਦੇ ਮੈਂਬਰਾਂ ਵਲੋਂ ਇਸ ਗੱਲ ਦਾ ਖ਼ੁਲਾਸਾ ਕੀਤਾ ਗਿਆ ਹੈ ਕਿ ਫ਼ਾਈਨੈਂਸਰ Jeffery Epstein ਨੇ 2011 'ਚ ਆਪਣੀ ਇੱਕ ਨਿੱਜੀ email 'ਚ ਲਿਖਿਆ ਸੀ ਕਿ Trump ਨੇ Epstein ਦੇ ਘਰ 'ਚ ਇੱਕ ਵੇਸਵਾ ਨਾਲ ਕਈ ਘੰਟੇ ਬਿਤਾਏ ਸਨ, ਅਤੇ ਸਾਲਾਂ ਬਾਅਦ ਇੱਕ ਵੱਖਰੇ ਸੰਦੇਸ਼ 'ਚ ਉਸ ਨੇ ਕਿਹਾ ਸੀ ਕਿ Trump ਲੜਕੀਆਂ ਬਾਰੇ ਜਾਣਦਾ ਸੀ।

US House Oversight Committee (ਹਾਊਸ ਓਵਰਸਾਈਟ ਕਮੇਟੀ) 'ਚ ਡੈਮੋਕ੍ਰੈਟਿਕ ਪਾਰਟੀ ਦੇ ਮੈਂਬਰਾਂ ਵਲੋਂ ਕੱਲ੍ਹ ਜਨਤਕ ਕੀਤੀਆਂ ਗਈਆਂ ਇਨ੍ਹਾਂ emails ਰਾਹੀਂ Trump ਦੀ Epstein ਨਾਲ ਗੂੜ੍ਹੀ ਦੋਸਤੀ ਬਾਰੇ ਸਵਾਲ ਖੜ੍ਹੇ ਹੋ ਰਹੇ ਹਨ।

ਰੀਪਬਲੀਕਨ ਪਾਰਟੀ ਨਾਲ ਸਬੰਧ ਰੱਖਣ ਵਾਲੇ ਰਾਸ਼ਟਰਪਤੀ Trump ਨੇ ਹਾਲਾਂਕਿ Epstein ਦੇ ਅਪਰਾਧਾਂ ਸਬੰਧੀ ਕਿਸੇ ਕਿਸਮ ਦੀ ਵੀ ਜਾਣਕਾਰੀ ਹੋਣ ਤੋਂ ਲਗਾਤਾਰ ਇਨਕਾਰ ਕੀਤਾ ਅਤੇ ਕਿਹਾ ਹੈ ਕਿ ਉਨ੍ਹਾਂ ਨੇ ਕਈ ਸਾਲ ਪਹਿਲਾਂ ਹੀ Epstein ਨਾਲ ਆਪਣੇ ਰਿਸ਼ਤੇ ਨੂੰ ਖ਼ਤਮ ਕਰ ਦਿੱਤਾ ਸੀ।

Ammonium Nitrate ਨਾਲ ਦਹਿਲਾਈ ਦਿੱਲੀ

ਨਵੀਂ ਦਿੱਲੀ: 10 ਨਵੰਬਰ ਦਿੱਲੀ ਲਈ ਇੱਕ ਦਰਦਨਾਕ ਯਾਦ ਬਣ ਗਈ ਹੈ। ਰਾਜਧਾਨੀ ਦੇ ਲਾਲ ਕਿਲ੍ਹੇ ਦੇ ਨੇੜੇ ਇੱਕ ਵੱਡੇ ਧਮਾਕੇ ਨੇ ਪੂਰੇ ਸ਼ਹਿਰ ਨੂੰ ਹਿਲਾ ਕੇ ਰੱਖ ਦਿੱਤਾ। ਧਮਾਕੇ ਨੇ ਕਈ ਜਾਨਾਂ ਲੈ ਲਈਆਂ ਜਦੋਂ ਕਿ ਕੁੱਝ ਜਾਨਾਂ ਲਈ ਲੜ ਰਹੇ ਹਨ। ਜਾਂਚ ਦੌਰਾਨ ਸਾਹਮਣੇ ਆਇਆ ਕਿ ਇੱਕ ਨਾਮ ਨੇ ਸਾਰਿਆਂ ਦਾ ਧਿਆਨ ਖਿੱਚਿਆ ਹੈ - ਅਮੋਨੀਅਮ ਨਾਈਟ੍ਰੇਟ। ਇਹ ਰਸਾਇਣ ਖੇਤੀਬਾੜੀ ਤੋਂ ਲੈ ਕੇ ਮਾਈਨਿੰਗ ਤਕ ਹਰ ਚੀਜ਼ 'ਚ ਵਰਤਿਆ ਜਾਂਦਾ ਹੈ ਪਰ ਗ਼ਲਤ ਹੱਥਾਂ 'ਚ ਇਹ ਇੱਕ ਜਾਨ ਲੈਣ ਵਾਲਾ ਵਿਸਫ਼ੋਟਕ ਬਣ ਸਕਦਾ ਹੈ।

ਅਮੋਨੀਅਮ ਨਾਈਟ੍ਰੇਟ - ਇੱਕ ਰਸਾਇਣ, ਦੋ ਚਿਹਰੇ: ਅਮੋਨੀਅਮ ਨਾਈਟ੍ਰੇਟ ਇੱਕ ਰਸਾਇਣ ਹੈ ਜੋ ਦੋ ਬਿਲਕੁਲ ਵੱਖ-ਵੱਖ ਭੂਮਿਕਾਵਾਂ ਨਿਭਾਉਂਦਾ ਹੈ - ਜੀਵਨ ਦੇਣ ਵਾਲਾ ਅਤੇ ਜੀਵਨ ਨੂੰ ਤਬਾਹ ਕਰਨ ਵਾਲਾ। ਇਸ ਦੀ ਪਹਿਲੀ ਵਰਤੋਂ ਖੇਤੀਬਾੜੀ 'ਚ ਹੁੰਦੀ ਹੈ ਜਿੱਥੇ

ਇਹ ਫ਼ਸਲਾਂ ਨੂੰ ਨਾਈਟ੍ਰੋਜਨ ਨਾਲ ਭਰਪੂਰ ਖਾਦ ਵਜੋਂ ਉਗਾਉਣ 'ਚ ਮਦਦ ਕਰਦਾ ਹੈ। ਇਸ ਦਾ ਦੂਜਾ ਰੂਪ ਬਹੁਤ ਜ਼ਿਆਦਾ ਵਿਸਫ਼ੋਟਕ ਹੈ। ਉਦਯੋਗਿਕ ਗਤੀਵਿਧੀਆਂ ਜਿਵੇਂ ਕਿ ਮਾਈਨਿੰਗ, ਸੁਰੰਗ ਬਣਾਉਣ ਅਤੇ ਚੱਟਾਨਾਂ ਨੂੰ ਤੋੜਨ ਲਈ ਵੱਡੇ ਪੱਧਰ ਦੇ ਪ੍ਰੋਜੈਕਟਾਂ ਲਈ ਵਿਸਫ਼ੋਟਕਾਂ ਦੀ ਲੋੜ ਹੁੰਦੀ ਹੈ। ਅਮੋਨੀਅਮ ਨਾਈਟ੍ਰੇਟ ਇਨ੍ਹਾਂ ਵਪਾਰਕ ਵਿਸਫ਼ੋਟਕਾਂ ਦਾ ਮੁੱਖ ਹਿੱਸਾ ਹੈ। ਜਦੋਂ ਇਸ ਨੂੰ ਬਾਲਣ ਤੇਲ (ਜਿਵੇਂ ਕਿ ਡੀਜ਼ਲ) ਨਾਲ ਮਿਲਾਇਆ ਜਾਂਦਾ ਹੈ ਤਾਂ ਇਹ ਇੱਕ ਸ਼ਕਤੀਸ਼ਾਲੀ ਵਿਸਫ਼ੋਟਕ ਮਿਸ਼ਰਣ ਬਣਾਉਂਦਾ ਹੈ ਜਿਸ ਨੂੰ **ANFO** (ਅਮੋਨੀਅਮ ਨਾਈਟ੍ਰੇਟ ਫ਼ਿਊਲ ਔਇਲ) ਕਿਹਾ ਜਾਂਦਾ ਹੈ।

ਕਿਉਂ ਖ਼ਤਰਨਾਕ ਹੈ ਅਮੋਨੀਅਮ ਨਾਈਟ੍ਰੇਟ? ਅਮੋਨੀਅਮ ਨਾਈਟ੍ਰੇਟ ਖ਼ੁਦ ਨਹੀਂ ਸੜਦਾ, ਪਰ ਇਹ ਇੱਕ ਔਕਸੀਡਾਈਜ਼ਰ ਹੈ, ਭਾਵ ਇਹ ਕਿਸੇ ਵੀ ਅੱਗ ਨੂੰ ਕਈ ਵਾਰ ਤੇਜ਼ ਕਰ ਸਕਦਾ ਹੈ। ਜੇਕਰ ਇਹ ਕਿਸੇ ਜਲਣਸ਼ੀਲ ਪਦਾਰਥ ਦੇ ਸੰਪਰਕ 'ਚ ਆਉਂਦਾ ਹੈ ਅਤੇ ਥੋੜ੍ਹੀ ਜਿਹੀ ਗਰਮੀ ਜਾਂ ਚੰਗਿਆੜੀ ਵੀ ਪ੍ਰਾਪਤ ਕਰਦਾ ਹੈ ਤਾਂ ਇਹ ਇੱਕ ਵਿਨਾਸ਼ਕਾਰੀ ਧਮਾਕਾ ਕਰ ਸਕਦਾ ਹੈ। ਇਸ ਕਾਰਨ ਕਰ ਕੇ ਹੀ ਅਤਿਵਾਦੀ ਸੰਗਠਨ 954 (ਇੰਪਰੂਵਾਈਜ਼ਡ ਐਕਸਪਲੋਸਿਵ ਡਿਵਾਈਸ) ਬਣਾਉਣ ਲਈ ਇਸ ਦੀ ਦੁਰਵਰਤੋਂ ਕਰ ਰਹੇ ਹਨ। ਇਸ ਖ਼ਤਰੇ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਇਸ ਦੇ ਉਤਪਾਦਨ, ਵਿਕਰੀ ਅਤੇ ਆਵਾਜਾਈ 'ਤੇ ਸਖ਼ਤ ਨਿਯਮ ਲਾਗੂ ਕੀਤੇ ਹਨ।

ਭਾਰਤ 'ਚ ਅਮੋਨੀਅਮ ਨਾਈਟ੍ਰੇਟ ਨਾਲ ਜੁੜੇ ਸਖ਼ਤ ਨਿਯਮ: ਅਮੋਨੀਅਮ ਨਾਈਟ੍ਰੇਟ ਨਿਯਮ, 2012 ਤਹਿਤ ਇਸ ਰਸਾਇਣ ਦੇ ਨਿਰਮਾਣ, ਕਬਜ਼ੇ, ਵਿਕਰੀ, ਆਵਾਜਾਈ ਜਾਂ ਵਰਤੋਂ ਲਈ ਲਾਇਸੈਂਸ ਲਾਜ਼ਮੀ ਹੈ। ਪੈਟਰੋਲੀਅਮ ਅਤੇ ਵਿਸਫ਼ੋਟਕ ਸੁਰੱਖਿਆ ਸੰਗਠਨ (**PESO**) ਇਹ ਲਾਇਸੈਂਸ ਜਾਰੀ ਕਰਦਾ ਹੈ। **PESO** ਦੀ ਪ੍ਰਵਾਨਗੀ ਤੋਂ ਬਿਨਾਂ ਇਸ ਰਸਾਇਣ ਦਾ ਇੱਕ ਦਾਣਾ ਵੀ ਰੱਖਣਾ ਗ਼ੈਰ-ਕਾਨੂੰਨੀ ਹੈ।

ਸਟੋਰੇਜ ਨਿਯਮ: ਇਸ ਨੂੰ ਇੱਕ ਰਿਵਾਇਤੀ ਗੋਦਾਮ 'ਚ ਸਟੋਰ ਨਹੀਂ ਕੀਤਾ ਜਾ ਸਕਦਾ। ਇਸ ਨੂੰ ਅੱਗ ਬੁਝਾਉਣ ਵਾਲੀਆਂ ਲੋੜੀਂਦੀਆਂ ਸਹੂਲਤਾਂ ਵਾਲੀ ਅੱਗ-ਰੋਧਕ ਜਗ੍ਹਾ 'ਤੇ ਸਟੋਰ ਕੀਤਾ ਜਾਣਾ ਚਾਹੀਦਾ ਹੈ। ਬਿਨਾਂ ਲਾਇਸੈਂਸ ਦੇ ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਵਿਸਫ਼ੋਟਕ ਐਕਟ 1884 ਤਹਿਤ ਤਿੰਨ ਸਾਲ ਤਕ ਦੀ ਕੈਦ ਅਤੇ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

Trump ਵਲੋਂ ਪੰਜਾਬੀ Truck ਡਰਾਇਵਰਾਂ ਨੂੰ ਸਖ਼ਤ ਸੰਦੇਸ਼

ਚਮਕੌਰ ਸਿੰਘ ਮਾਛੀਕੇ

ਮਿਸੀਸਾਗਾ: US ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੈਟਫ਼ੌਰਮ Truth Social 'ਤੇ ਇੱਕ ਪੋਸਟ ਸ਼ੇਅਰ ਕਰ ਕੇ ਪੰਜਾਬੀ ਡਰਾਇਵਰਾਂ ਨੂੰ ਇੱਕ ਸਖ਼ਤ ਸੰਦੇਸ਼ ਦਿੱਤਾ ਹੈ। ਉਨ੍ਹਾਂ ਨੇ ਇੱਕ ਤਸਵੀਰ ਸਾਂਝੀ ਕੀਤੀ ਹੈ ਜਿਸ 'ਚ 7,200 ਤੋਂ ਵੱਧ ਪੰਜਾਬੀ ਟਰੱਕ ਡਰਾਇਵਰ ਅੰਗਰੇਜ਼ੀ ਟੈੱਸਟ 'ਚ ਫ਼ੇਲ੍ਹ ਹੋ ਗਏ ਸਨ, ਅਤੇ ਉਨ੍ਹਾਂ ਨੂੰ US DOT ਨੇ Out of Service ਘੋਸ਼ਿਤ ਕਰ ਦਿੱਤਾ ਗਿਆ ਸੀ।

ਦੱਸ ਦਈਏ ਕਿ ਅਮਰੀਕਾ ਦੇ ਡਿਪਾਰਟਮੈਂਟ ਔਫ਼ ਟ੍ਰਾਂਸਪੋਰਟੇਸ਼ਨ ਵਲੋਂ ਵਪਾਰਕ ਟਰੱਕ ਡਰਾਇਵਰਾਂ ਲਈ ਅੰਗਰੇਜ਼ੀ ਦੀ ਲਾਜ਼ਮੀ ਸ਼ਰਤ ਵਾਲੇ ਫ਼ੈੱਡਰਲ ਨਿਯਮ 49 CRF 392.22 (B)(2) ਦੀ ਸਖ਼ਤੀ ਨਾਲ ਲਾਗੂ ਕਰਨ ਤੋਂ ਬਾਅਦ ਹਜ਼ਾਰਾਂ ਡਰਾਈਵਰਾਂ ਦੀ ਨੌਕਰੀ 'ਤੇ ਖ਼ਤਰਾ ਮੰਡਰਾ ਰਿਹਾ ਹੈ।

ਅਧਿਕਾਰਿਕ ਅੰਕੜਿਆਂ ਅਨੁਸਾਰ ਅਕਤੂਬਰ 2025 ਤਕ 7,200 ਤੋਂ ਵੱਧ ਵਪਾਰਕ ਟਰੱਕ ਡਰਾਇਵਰਾਂ ਨੂੰ Out of Service ਕਰ ਦਿੱਤਾ ਗਿਆ ਹੈ ਕਿਉਂਕਿ ਉਹ Roadside English Language Proficiency Test ਪਾਸ ਕਰਨ 'ਚ ਅਸਫ਼ਲ ਰਹੇ। ਇਹ ਕਾਰਵਾਈ ਉਸ ਸਮੇਂ ਸ਼ੁਰੂ ਹੋਈ ਸੀ ਜਦੋਂ ਭਾਰਤੀ ਮੂਲ ਦੇ ਡਰਾਇਵਰਾਂ ਨਾਲ ਜੁੜੀਆਂ ਕਈ ਮਾਰੂ ਹਾਦਸਿਆਂ ਨੇ ਅਮਰੀਕੀ ਹਾਈਵੇ ਸੁਰੱਖਿਆ 'ਤੇ ਸਵਾਲ ਖੜ੍ਹੇ ਕਰ ਦਿੱਤੇ ਸਨ। ਜਸ਼ਨਪ੍ਰੀਤ ਸਿੰਘ, ਜੋ ਕਿ ਅਕਤੂਬਰ 2025 'ਚ ਕੈਲੇਫ਼ੋਰਨੀਆ ਦੇ ਓਨਟੈਰੀਓ ਸ਼ਹਿਰ 'ਚ

ਹੋਏ ਬਹੁ-ਵਾਹਨ ਹਾਦਸੇ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ, 'ਤੇ ਤਿੰਨ ਲੋਕਾਂ ਦੀ ਹੱਤਿਆਵਾਂ ਦਾ ਦੋਸ਼ ਹੈ। ਉਹ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਰਹਿ ਰਿਹਾ ਸੀ, ਅਤੇ ਹੁਣ ਅਧਿਕਾਰੀ ਜਾਂਚ ਕਰ ਰਹੇ ਹਨ ਕਿ ਉਸ ਨੇ ਕਾਮਰਸ਼ਲ ਡਰਾਈਵਿੰਗ ਲਾਇਸੈਂਸ ਕਿਵੇਂ ਪ੍ਰਾਪਤ ਕੀਤਾ।

ਦੂਜੇ ਹਾਦਸੇ 'ਚ ਹਰਜਿੰਦਰ ਸਿੰਘ 'ਤੇ ਅਗਸਤ 2025 'ਚ ਫ਼ਲੋਰੀਡਾ ਟਰਨਪਾਈਕ 'ਤੇ ਇੱਕ ਗ਼ਲਤ ਮੋੜ ਲੈਣ ਦਾ ਦੋਸ਼ ਲਗਾਇਆ ਗਿਆ, ਸੀ ਜਿਸ ਨਾਲ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ। ਜਾਂਚ 'ਚ ਸਾਹਮਣੇ ਆਇਆ ਕਿ ਉਸ ਨੇ ਕਈ ਵਾਰ ਡਰਾਈਵਿੰਗ ਟੈੱਸਟ 'ਚ ਫ਼ੇਲ੍ਹ ਹੋਣ ਤੋਂ ਬਾਅਦ ਆਪਣਾ ਕਮਰਸ਼ਲ ਲਾਇਸੈਂਸ ਪ੍ਰਾਪਤ ਕੀਤਾ ਸੀ।

ਡਿਪਾਰਟਮੈਂਟ ਔਫ਼ ਟ੍ਰਾਂਸਪੋਰਟੇਸ਼ਨ (DOT) ਵਲੋਂ ਕਿਹਾ ਗਿਆ ਹੈ ਕਿ ਇਹ ਨੀਤੀ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹੈ, ਪਰ ਇਮੀਗ੍ਰੈਂਟ ਡਰਾਇਵਰਾਂ ਦੇ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਨੂੰ ਭੇਦਭਾਵਪੂਰਣ ਕਰਾਰ ਦਿੱਤਾ ਹੈ। ਉਨ੍ਹਾਂ ਦਾ ਮਤ ਹੈ ਕਿ ਇਸ ਸਖ਼ਤ ਨੀਤੀ ਨਾਲ ਭਾਰਤੀ ਮੂਲ ਅਤੇ ਲੈਟਿਨ ਅਮੈਰੀਕਨ ਡਰਾਇਵਰਾਂ ਨੂੰ ਖ਼ਾਸ ਤੌਰ 'ਤੇ ਪ੍ਰਭਾਵਿਤ ਕਰਦਾ ਹੈ ਜਿਸ ਨਾਲ ਸਪਲਾਈ ਚੇਨ 'ਚ ਵੀ ਵਿਘਨ ਪੈ ਸਕਦਾ ਹੈ।

ਟਰੱਕਿੰਗ ਐਸੋਸੀਏਸ਼ਨਾਂ ਨੇ ਕੇਂਦਰੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਭਾਸ਼ਾ ਪ੍ਰੀਖਿਆ ਨੂੰ ਨਿਰਪੱਖ ਅਤੇ ਸਾਂਝੇ ਮਾਪਦੰਡਾਂ 'ਤੇ ਲਿਆਂਦਾ ਜਾਵੇ ਤਾਂ ਜੋ ਤਜਰਬੇਕਾਰ ਡਰਾਇਵਰ ਬਿਨਾਂ ਜ਼ਰੂਰੀ ਰੁਕਾਵਟਾਂ ਦੇ ਆਪਣਾ ਕੰਮ ਜਾਰੀ ਰੱਖ ਸਕਣ।

Abbytravels
ਸਸਤਾ ਹਵਾਈ ਸਫ਼ਰ BEST DEALS!
Leena Khosla
604-217-4114
604-557-2000
Info@abbytravels.ca
216-2825 Clearbrook Rd, Abbotsford
www.abbytravels.ca
BPCPA License No: 78374

JASVIR GREWAL Insurance Services Ltd.
ਜੇਕਰ ਤੁਹਾਨੂੰ ਸੁਪਰ ਵੀਜ਼ੇ ਤੋਂ ਨਾਂਹ ਹੋ ਜਾਂਦੀ ਹੈ ਤਾਂ ਤੁਹਾਡੇ ਸਾਰੇ ਪੈਸੇ ਵਾਪਿਸ ਕੀਤੇ ਜਾਣਗੇ।
Super Visa Insurance
* Mortgage Insurance
* Life Insurance * Dental Insurance
* Critical Illness Insurance
* Special Disability Insurance for Taxi & Truck Drivers
* Home and Auto Insurance
* RESP & RRSP * Visitor Insurance
ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਕਾਲ ਕਰੋ
778-317-6262
JASVIR KAUR GREWAL

BESTWAY
Foreign Exchange Ltd.
Sony Sidhu (Zira)
Satkar Service Ltd.
Ph. 778-246-2500
604-592-2676
Unit 109, 12830-Ave York Centre Surrey

White House Canada
12 Bedrooms, 7 Bathrooms for 24 guests
with a Party Hall for 100 invitees in Brampton
ਇਸ ਘਰ 'ਚ ਉਪਲਬਧ ਹਨ 12 ਬੈਡਰੂਮਜ਼, 2 ਲਿਵਿੰਗ ਰੂਮਜ਼, 7 ਵਾਸ਼ਰੂਮਜ਼, ਫ਼ੁੱਲ ਕਿਚਨ, ਡਾਈਨਿੰਗ ਏਰੀਆ ਅਤੇ ਪਾਰਟੀ ਹਾਲ। ਰਹਿਣ ਲਈ ਕਮਰੇ ਬਰੈਂਪਟਨ ਸਿਟੀ ਦੀਆਂ ਹਿਦਾਇਤਾਂ ਅਨੁਸਾਰ।
The property has 12 bedrooms, 2 living rooms, 7 washrooms (mostly en-suite), full kitchen and dining area. Rooms available according to the city of Brampton guidelines.
Tips For A Hassle Free BIRTHDAY PARTY
Contact
905-965-4644
To Book WHITE HOUSE CANADA
www.whitehousecanada.com

ਮਰਦਾਨਾ ਕਮਜ਼ੋਰੀ 416-992-5489
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
12 Beds, 7 Baths For 24 Guests 905-965-4644
ਸਸਤਾ ਹਵਾਈ ਸਫ਼ਰ 604-217-4114
ਡਾਲਰ ਦਾ ਵਧੀਆ ਰੇਟ? 778-246-2500
ਵਿਜ਼ਟਰ ਇੰਸ਼ੋਰੈਂਸ 778-317-6262
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਸਸਤਾ ਹਵਾਈ ਸਫ਼ਰ 604-217-4114

ਅਜੀਤ
AJIT WEEKLY
Division of 6178235 canada inc.

Founding Patron & CEO: Late (Dr.) Prof. Darshan Singh
Founding Director: Late Vinny Bains
Patron & CEO: Kanwaljit Kaur Bains
Chief Editor: Kanwar Bains
International Editors: Mandeep Khurmi, Syed Asif Shahkar,Sweden, Jasreen Kaur, India
Representatives: Suman Modgil, Rupinderjit Kaur
Toronto Reps.: Jasbir Singh Boparai
Brithish Columbia Reps.: Balley Singh Shoker
California Reps.: John Pal Singh
New York Reps.: Harbhjan Singh

FINANCIAL ADVISOR
M.B.E. Accounting
ADVISORY BOARD
CHIEF ADV.: DR. RAWAIL SINGH (INDIA)
BALKAR SINGH (GOUSSAIN VILLE, FRANCE)
PRESS PHOTOGRAPHER
SUNDIP BRAR
ADVERTISING
Editorial : (905) 671-4761, (905) 671-4762
(905) 671-4767, (416) 899-2548
Toll Free Phone :1-888-371-AJIT (2548)
Toll Free Fax : 1-888-981-2818
e-mail : Info@ajitweekly.com
www.darshantv.ca
www.ajitweekly.com
www.ajitweeklymatrimonials.com
fb.com/ajitweeklycanada
instagram.com/ajitweekly
twitter.com/ajitweekly1
https://www.youtube.com/@ajitWeeklycanada

MAILING ADDRESS
2-7015 TRANMERE DRIVE
MISSISSAUGA ONT. L5S 1T7 CANADA

PUBLICATION MAIL AGREEMENT
ACCOUNT NUMBER : 4750993, AGGREMENT NO : 40112768

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.All psychic's, soothsayers' and astrologer's ads are only for entertainment purposes. All rights reserved.

ਕੀ ਅਮਰੀਕੀ ਰਾਸ਼ਟਰਪਤੀ ਦੀ ਚੋਣ ਲੜ ਸਕਦੈ ਮਮਦਾਨੀ ?

ਨਿਊ ਯੌਰਕ: ਜ਼ੋਹਰਾਨ ਮਮਦਾਨੀ ਦੀ ਵਧਦੀ ਲੋਕਪ੍ਰਿਯਤਾ ਨੂੰ ਲੈ ਕੇ ਹੁਣ ਅਮਰੀਕਾ 'ਚ ਚਰਚਾ ਹੈ ਕਿ ਕੀ ਉਹ ਹੁਣ ਰਾਸ਼ਟਰਪਤੀ ਦੀ ਚੋਣ ਵੀ ਲੜ ਸਕਣਗੇ ਹਾਲਾਂਕਿ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਮਮਦਾਨੀ ਇਸ ਸਮੇਂ ਚੋਣ ਲੜਨ ਦੇ ਅਯੋਗ ਹਨ। ਰਿਪੋਰਟ ਅਨੁਸਾਰ ਅਮਰੀਕੀ ਸੰਵਿਧਾਨ ਦੀ ਧਾਰਾ 2 ਦੇ ਸੈਕਸ਼ਨ 1, ਸੈਕਸ਼ਨ 5 ਅਨੁਸਾਰ ਅਮਰੀਕਾ 'ਚ ਜਨਮੇ ਨਾਗਰਿਕਾਂ ਜਾਂ ਇੱਕ ਲੰਬੇ ਅਰਸੇ ਤੋਂ ਅਮਰੀਕੀ ਨਾਗਰਿਕ ਰਹੇ ਲੋਕਾਂ ਤੋਂ ਇਲਾਵਾ ਕੋਈ ਵੀ ਵਿਅਕਤੀ ਰਾਸ਼ਟਰਪਤੀ ਦੀ ਚੋਣ ਨਹੀਂ ਲੜ ਸਕਦਾ। ਸਿਰਫ਼ ਓਹੀ ਵਿਅਕਤੀ ਰਾਸ਼ਟਰਪਤੀ ਬਣ ਸਕਦਾ ਹੈ ਜੋ ਕੁਦਰਤੀ ਤੌਰ 'ਤੇ ਅਮਰੀਕੀ ਨਾਗਰਿਕ ਹੈ। ਇਸ ਦਾ ਮਤਲਬ ਇਹ ਹੋਇਆ ਕਿ ਰਾਸ਼ਟਰਪਤੀ ਬਣਨ ਦੇ ਉਮੀਦਵਾਰ ਦਾ ਜਨਮ ਅਮਰੀਕਾ 'ਚ ਹੋਇਆ ਹੋਣਾ ਚਾਹੀਦਾ ਹੈ ਜਾਂ ਜੇ ਉਹ ਵਿਦੇਸ਼ 'ਚ ਪੈਦਾ ਹੋਇਆ ਹੈ ਤਾਂ ਉਸ ਦੇ ਜਨਮ ਵਕਤ ਉਸ ਦੇ ਮਾਪਿਆਂ ਕੋਲ ਅਮਰੀਕੀ ਨਾਗਰਿਕਤਾ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਰਾਸ਼ਟਰਪਤੀ ਬਣਨ ਲਈ ਘੱਟੋ-ਘੱਟ ਉਮਰ 35 ਸਾਲ ਹੈ, ਅਤੇ ਉਨ੍ਹਾਂ ਨੂੰ ਘੱਟੋ-ਘੱਟ 14 ਸਾਲਾਂ ਤੋਂ ਅਮਰੀਕਾ ਦਾ ਨਿਵਾਸੀ ਬਣਿਆ ਹੋਣਾ ਚਾਹੀਦਾ ਹੈ। ਮੌਜੂਦਾ ਨਿਯਮਾਂ ਤਹਿਤ ਮਮਦਾਨੀ ਅਮਰੀਕਾ ਦੇ ਰਾਸ਼ਟਰਪਤੀ ਨਹੀਂ ਬਣ ਸਕਦੇ। ਇਸ ਦਾ ਮੁੱਖ ਕਾਰਨ ਇਹ ਹੈ ਕਿ ਉਨ੍ਹਾਂ ਦਾ ਜਨਮ ਯੂਗਾਂਡਾ 'ਚ ਹੋਇਆ ਸੀ, ਅਤੇ ਉਨ੍ਹਾਂ ਨੂੰ 2018 'ਚ ਅਮਰੀਕੀ ਨਾਗਰਿਕਤਾ ਮਿਲੀ ਸੀ। ਇਸ ਦਾ ਮਤਲਬ ਹੈ ਕਿ ਉਹ ਰਾਸ਼ਟਰਪਤੀ ਬਣਨ ਲਈ ਜਨਮ ਸਿੱਧ ਨਾਗਰਿਕਤਾ ਦੀ ਜ਼ਰੂਰਤ ਨੂੰ ਪੂਰਾ ਨਹੀਂ ਕਰਦੇ। ਉਸ ਦੇ ਮਾਤਾ-ਪਿਤਾ ਕੋਲ ਵੀ ਉਸ ਦੇ ਜਨਮ ਸਮੇਂ ਅਮਰੀਕੀ ਨਾਗਰਿਕਤਾ ਨਹੀਂ ਸੀ। ਇਸ ਲਈ ਮਮਦਾਨੀ ਦਾ ਰਾਸ਼ਟਰਪਤੀ ਬਣਨਾ ਕਾਨੂੰਨੀ ਸੋਧ ਤੋਂ ਬਿਨਾਂ ਅਸੰਭਵ ਹੈ।ਮਮਦਾਨੀ ਦਾ ਜਨਮ ਯੂਗਾਂਡਾ ਦੇ ਕੰਪਾਲਾ 'ਚ ਹੋਇਆ ਸੀ। ਸੱਤ ਸਾਲ ਦੀ ਉਮਰ 'ਚ ਉਹ ਨਿਊ ਯੌਰਕ ਸ਼ਹਿਰ ਆ ਗਏ, ਅਤੇ ਉਨ੍ਹਾਂ ਨੇ ਬਾਅਦ 'ਚ ਅਮਰੀਕਾ ਦੀ ਨਾਗਰਿਕਤਾ ਹਾਸਿਲ ਕੀਤੀ। ਉਹ ਪ੍ਰਸਿੱਧ ਭਾਰਤੀ-ਅਮਰੀਕੀ ਫ਼ਿਲਮ ਨਿਰਮਾਤਾ ਮੀਰਾ ਨਾਇਰ ਦੇ ਬੇਟੇ ਹਨ। ਮੀਰਾ ਨਾਇਰ ਓਡੀਸ਼ਾ ਦੇ ਰੂਰਕੇਲਾ ਤੋਂ ਹਨ, ਅਤੇ ਉਨ੍ਹਾਂ ਨੇ ਕਈ ਮਸ਼ਹੂਰ ਫ਼ਿਲਮਾਂ ਬਣਾਈਆਂ ਹਨ। ਉਸ ਦੇ ਪਿਤਾ ਮਹਿਮੂਦ ਮਮਦਾਨੀ ਕੋਲੰਬੀਆ ਯੂਨੀਵਰਸਿਟੀ 'ਚ ਇੱਕ ਪ੍ਰੋਫ਼ੈਸਰ ਹਨ। ਮਮਦਾਨੀ ਨੇ 2024 'ਚ ਸੀਰੀਆਈ-ਅਮਰੀਕੀ ਕਲਾਕਾਰ ਰਾਮਾ ਦੁਵਾਜੀ ਨਾਲ ਵਿਆਹ ਕਰਵਾਇਆ ਹੋਇਆ ਹੈ।

ਮਮਦਾਨੀ ਦੇ ਸਾਹਮਣੇ ਨੇ ਕਈ ਚੁਣੌਤੀਆਂ

ਨਿਊ ਯੌਰਕ: ਜ਼ੋਹਰਾਨ ਮਮਦਾਨੀ ਦੇ ਨਿਊ ਯੌਰਕ ਸ਼ਹਿਰ ਦਾ ਮੇਅਰ ਬਣਨ ਤੋਂ ਬਾਅਦ ਉਨ੍ਹਾਂ ਨੂੰ ਟਰੰਪ ਤੋਂ ਇਲਾਵਾ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਉਹ ਅਮੀਰ ਕੰਪਨੀਆਂ ਅਤੇ ਸਭ ਤੋਂ ਵੱਧ ਆਮਦਨ ਵਾਲੇ ਵਿਅਕਤੀਆਂ ਅਤੇ ਅਮੀਰ ਕੌਰਪੋਰੇਸ਼ਨਾਂ 'ਤੇ ਟੈਕਸ ਵਧਾ ਕੇ 10 ਅਰਬ ਡਾਲਰ ਇਕੱਠੇ ਕਰ ਸਕਦੇ ਹਨ, ਪਰ ਇਸ ਲਈ ਸਟੇਟ ਦੇ ਗਵਰਨਰ ਦੀ ਮਨਜ਼ੂਰੀ ਦੀ ਲੋੜ ਹੋਵੇਗੀ। ਮਾਹਿਰਾਂ ਦਾ ਅਨੁਮਾਨ ਹੈ ਕਿ ਟਰੰਪ ਨਿਊ ਯੌਰਕ 'ਚ ਇਮੀਗ੍ਰੇਸ਼ਨ ਵਿਭਾਗ ਦੀ ਸਖ਼ਤੀ ਵੀ ਵਧਾ ਸਕਦੇ ਹਨ। ਨਿਊ ਯੌਰਕ 1980 ਦੇ ਦਹਾਕੇ ਤੋਂ ਇੱਕ ਸੈਂਕਚੁਅਰੀ ਸਿਟੀ ਹੈ ਭਾਵ ਇੱਥੇ ਸਥਾਨਕ ਪ੍ਰਸ਼ਾਸਨ ਫ਼ੈਡਰਲ ਇਮੀਗ੍ਰੇਸ਼ਨ ਏਜੰਸੀਆਂ ਨਾਲ ਸੀਮਿਤ ਸਹਿਯੋਗ ਕਰਦਾ ਹੈ। ਟਰੰਪ ਪ੍ਰਸ਼ਾਸਨ ਨੇ ਪਹਿਲਾਂ ਹੀ ਸ਼ਹਿਰ ਦੀਆਂ ਇਮੀਗ੍ਰੇਸ਼ਨ ਅਦਾਲਤਾਂ 'ਚ ਛਾਪੇਮਾਰੀ ਤੇਜ਼ ਕਰ ਦਿੱਤੀ ਹੈ ਜਿੱਥੇ ਇਮੀਗ੍ਰੇਸ਼ਨ ਵਿਭਾਗ ਦੇ ਏਜੰਟ ਸੈਂਕੜੇ ਲੋਕਾਂ ਨੂੰ ਸੁਣਵਾਈ ਦੌਰਾਨ ਹਿਰਾਸਤ 'ਚ ਲੈ ਚੁੱਕੇ ਹਨ।

ਇੱਕ ਰਿਪੋਰਟ ਅਨੁਸਾਰ ਡੈਮੋਕ੍ਰੈਟਿਕ ਗਵਰਨਰ ਕੈਥੀ ਹੋਚੁਲ ਹੁਣ ਤਕ ਟੈਕਸ ਯੋਜਨਾ ਦਾ ਸਮਰਥਨ ਕਰਨ ਤੋਂ ਝਿਜਕ ਰਹੀ ਹੈ। ਉਥੇ ਹੀ ਟਰੰਪ ਸਮਰਥਕ ਰੀਪਬਲੀਕਨ ਨੇਤਾ ਅਲੀਸ ਸਟਾਫ਼ਾਨਿਕ ਨੇ ਗਵਰਨਰ ਅਹੁਦੇ ਲਈ ਚੋਣ ਲੜਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਜੇ ਟਰੰਪ ਫ਼ੰਡਿੰਗ 'ਚ ਹੋਰ ਕਟੌਤੀ ਕਰਦੇ ਹਨ ਤਾਂ ਇਹ ਸ਼ਹਿਰ ਦੇ ਬਜਟ 'ਚ ਨਵੀਆਂ ਸਮੱਸਿਆਵਾਂ ਪੈਦਾ ਕਰੇਗਾ। ਪਿਛਲੇ ਸਾਲ ਸੰਘੀ ਫ਼ੰਡ ਸ਼ਹਿਰ ਦੇ ਬਜਟ ਦਾ ਲਗਭਗ ਸੱਤ ਫ਼ੀਸਦੀ ਭਾਵ 8.5 ਅਰਬ ਡਾਲਰ ਸੀ। ਸ਼ਹਿਰ 'ਚ ਕੋਈ ਵੀ ਨਵੀਂ ਯੋਜਨਾ ਲਾਗੂ ਕਰਨ ਲਈ ਪੈਸੇ ਦੀ ਸਮੱਸਿਆ ਤਾਂ ਹੈ ਹੀ, ਪਰ ਜੇ ਸੰਘੀ ਫ਼ੰਡਿੰਗ ਘਟਦੀ ਹੈ ਤਾਂ ਸਥਿਤੀ ਹੋਰ ਵੀ ਮੁਸ਼ਕਿਲ ਹੋ ਜਾਵੇਗੀ।

ਫ਼ੰਡ ਰੋਕਣ 'ਤੇ ਅਦਾਲਤ ਜਾ ਸਕਦਾ ਹੈ ਮਾਮਲਾ: ਨਿਊ ਯੌਰਕ ਸਿਟੀ ਇੰਡੀਪੈਂਡੈਂਟ ਬਜਟ ਓਫ਼ਿਸ ਦੀ ਸੀਨੀਅਰ ਅਧਿਕਾਰੀ ਸਾਰ੍ਹਾ ਪਾਰਕਰ ਦੇ ਹਵਾਲੇ ਨਾਲ ਰਿਪੋਰਟ 'ਚ ਕਿਹਾ ਗਿਆ ਹੈ ਕਿ ਸ਼ਹਿਰ ਅਤੇ ਕਾਊਂਟੀ ਸਰਕਾਰਾਂ ਕਈ ਸੰਭਾਵੀ ਹਾਲਾਤ ਲਈ ਬਦਲਵੀਆਂ ਯੋਜਨਾਵਾਂ ਤਿਆਰ ਕਰ ਰਹੀਆਂ ਹਨ। ਉਸ ਦਾ ਕਹਿਣਾ ਹੈ ਕਿ ਕਾਨੂੰਨੀ ਤੌਰ 'ਤੇ ਬੇਘਰ ਲੋਕਾਂ ਲਈ ਸ਼ੈਲਟਰ ਵਰਗੀਆਂ ਕੁਝ ਸੇਵਾਵਾਂ ਦੇਣੀਆਂ ਜ਼ਰੂਰੀਆਂ ਹਨ। ਜੇ ਸੰਘੀ ਸਹਾਇਤਾ ਘੱਟ ਹੋਈ ਤਾਂ ਸ਼ਹਿਰ ਅਤੇ ਸੂਬੇ ਨੂੰ ਖ਼ੁਦ ਇਹ ਕਮੀ ਪੂਰੀ ਕਰਨੀ ਪਵੇਗੀ ਜਿਸ ਦਾ ਅਸਰ ਹੋਰ ਯੋਜਨਾਵਾਂ 'ਤੇ ਪੈ ਸਕਦਾ ਹੈ।

Tariffs 'ਚ ਭਾਰਤ ਨੂੰ ਛੋਟ ਦੇਵੇਗਾ US

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਕਿਹਾ ਕਿ ਅਮਰੀਕਾ ਭਾਰਤ ਨਾਲ ਨਿਰਪੱਖ ਵਪਾਰ ਸਮਝੌਤੇ 'ਤੇ ਪਹੁੰਚਣ ਦੇ ਬਹੁਤ ਨੇੜੇ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਕਿਸੇ ਸਮੇਂ 'ਤੇ ਭਾਰਤ 'ਤੇ ਲਗਾਏ ਗਏ ਟੈਰਿਫ਼ਾਂ ਨੂੰ ਘਟਾ ਦੇਣਗੇ। ਟਰੰਪ ਨੇ ਕਿਹਾ, "ਅਸੀਂ ਭਾਰਤ ਨਾਲ ਇੱਕ ਸਮਝੌਤਾ ਕਰ ਰਹੇ ਹਾਂ, ਅਤੇ ਇਹ ਪਹਿਲਾਂ ਨਾਲੋਂ ਬਹੁਤ ਵੱਖਰਾ ਹੈ। ਸ਼ਾਇਦ ਇਸੇ ਲਈ ਉਹ ਇਸ ਸਮੇਂ ਮੈਨੂੰ ਬਹੁਤਾ ਪਸੰਦ ਨਹੀਂ ਕਰਦੇ, ਪਰ ਉਹ ਸਾਨੂੰ ਦੁਬਾਰਾ ਪਸੰਦ ਕਰਨ ਲੱਗਣਗੇ।"

ਉਨ੍ਹਾਂ ਇਹ ਟਿੱਪਣੀਆਂ ਓਵਲ ਆਫ਼ਿਸ ਸਮਾਰੋਹ ਦੌਰਾਨ ਕੀਤੀਆਂ ਜਿੱਥੇ ਉਪ ਰਾਸ਼ਟਰਪਤੀ ਜੇ. ਡੀ. ਵੈਂਸ ਨੇ ਸਰਜੀਓ ਗੋਰ ਨੂੰ ਭਾਰਤ 'ਚ ਨਵੇਂ ਅਮਰੀਕੀ ਰਾਜਦੂਤ ਵਜੋਂ ਸਹੁੰ ਚੁਕਾਈ। ਭਾਰਤ ਨੂੰ ਹਿੰਦ-ਪ੍ਰਸ਼ਾਂਤ ਖੇਤਰ 'ਚ ਇੱਕ ਮੁੱਖ ਆਰਥਿਕ ਅਤੇ ਰਣਨੀਤਕ ਸੁਰੱਖਿਆ ਭਾਈਵਾਲ ਦੱਸਦਿਆਂ, ਟਰੰਪ ਨੇ ਕਿਹਾ ਕਿ ਅਮਰੀਕਾ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਸ਼ਾਨਦਾਰ ਰਿਸ਼ਤਾ ਹੈ। ਉਨ੍ਹਾਂ ਕਿਹਾ, "ਸਾਡੇ ਪ੍ਰਧਾਨ ਮੰਤਰੀ ਮੋਦੀ ਨਾਲ ਬਹੁਤ ਵਧੀਆ ਸਬੰਧ ਹਨ ਅਤੇ ਸਰਜੀਓ ਗੋਰ ਨੇ ਉਸ ਰਿਸ਼ਤੇ ਨੂੰ ਮਜ਼ਬੂਤ ਕੀਤਾ ਹੈ ਕਿਉਂਕਿ ਉਨ੍ਹਾਂ ਦਾ ਪਹਿਲਾਂ ਹੀ ਪ੍ਰਧਾਨ ਮੰਤਰੀ ਨਾਲ ਦੋਸਤਾਨਾ ਰਿਸ਼ਤਾ ਹੈ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਸਰਜੀਓ ਭਾਰਤ 'ਚ ਰਾਜਦੂਤ ਬਣਨ ਜਾ ਰਹੇ ਹਨ ਤਾਂ ਉਹ ਲਗਾਤਾਰ ਸੰਪਰਕ 'ਚ ਸਨ ਅਤੇ ਉਹ ਸਰਜੀਓ ਨੂੰ ਪਸੰਦ ਕਰਦੇ ਸਨ।"ਉਨ੍ਹਾਂ ਨੇ ਅਮਰੀਕੀ ਖ਼ਜ਼ਾਨਾ ਸਕੱਤਰ ਸਕੌਟ ਬੈਸੈਂਟ ਨੂੰ ਕਿਹਾ, "ਪਰ ਅਸੀਂ ਬਹੁਤ ਨੇੜੇ ਹਾਂ। ਸਕੌਟ, ਮੇਰਾ ਮੰਨਣਾ ਹੈ ਕਿ ਅਸੀਂ ਇੱਕ ਅਜਿਹਾ ਸੌਦਾ ਕਰਨ ਦੇ ਬਹੁਤ ਨੇੜੇ ਹਾਂ ਜੋ ਸਾਰਿਆਂ ਲਈ ਚੰਗਾ ਹੋਵੇਗਾ।" ਇਸ 'ਤੇ ਸਕੌਟ ਨੇ ਜਵਾਬ ਦਿੱਤਾ, "ਜੀ ਬਿਲਕੁਲ।" ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਉਹ ਭਾਰਤ ਨਾਲ ਵਪਾਰ ਸਮਝੌਤੇ ਦੇ ਹਿੱਸੇ ਵਜੋਂ ਟੈਰਿਫ਼ਸ ਘਟਾਉਣ ਬਾਰੇ ਵਿਚਾਰ ਕਰਨਗੇ ਤਾਂ ਉਨ੍ਹਾਂ ਕਿਹਾ, "ਇਸ ਵੇਲੇ ਭਾਰਤ 'ਤੇ ਬਹੁਤ ਜ਼ਿਆਦਾ ਟੈਰਿਫ਼ਸ ਹਨ ਕਿਉਂਕਿ ਉਹ ਪਹਿਲਾਂ ਰੂਸੀ ਤੇਲ ਖ਼ਰੀਦਦੇ ਸਨ, ਪਰ ਹੁਣ ਉਨ੍ਹਾਂ ਨੇ ਰੂਸੀ ਤੇਲ ਖ਼ਰੀਦਣਾ ਬੰਦ ਕਰ ਦਿੱਤਾ ਹੈ। ਰੂਸੀ ਤੇਲ ਦੀ ਉਨ੍ਹਾਂ ਦੀ ਖ਼ਰੀਦ 'ਚ ਕਾਫ਼ੀ ਕਮੀ ਆਈ ਹੈ। ਹਾਂ, ਅਸੀਂ ਜਲਦੀ ਹੀ ਉਨ੍ਹਾਂ ਟੈਰਿਫ਼ਾਂ ਨੂੰ ਘਟਾਉਣ ਜਾ ਰਹੇ ਹਾਂ। ਅਸੀਂ ਉਨ੍ਹਾਂ ਨੂੰ ਕਿਸੇ ਸਮੇਂ ਘਟਾਵਾਂਗੇ। ਟੈਰਿਫ਼ਸ ਤੋਂ ਬਿਨਾਂ ਸਾਡਾ ਦੇਸ਼ ਬਹੁਤ ਮੁਸ਼ਕਿਲ ਸਥਿਤੀ 'ਚ ਹੋਵੇਗਾ ਜਿਵੇਂ ਕਿ ਇਹ ਕਈ ਸਾਲਾਂ ਤੋਂ ਸੀ।"

KEY CUTTING AND PROGRAMMING 236-999-7980
12 Beds, 7 Baths For 24 Guests 905-965-4644
ਸਸਤਾ ਹਵਾਈ ਸਫ਼ਰ 604-217-4114
ਬੈੱਡ ਬੱਗਜ਼ ਖ਼ਤਮ 604-999-7378
ਡਾਲਰ ਦਾ ਵਧੀਆ ਰੇਟ? 778-246-2500
ਵਿਜ਼ਟਰ ਇੰਸ਼ੋਰੈਂਸ 778-317-6262
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਮਰਦਾਨਾ ਕਮਜ਼ੋਰੀ 416-992-5489

ਇਟਲੀ ਦੀ ਆਜ਼ਾਦੀ ਲਈ WW2 'ਚ ਸ਼ਹੀਦ ਹੋਏ ਭਾਰਤੀ ਫ਼ੌਜੀਆਂ ਨੂੰ ਸ਼ਰਧਾਂਜਲੀ

ਕੰਗ

ਰੋਮ: ਭਾਰਤੀ ਐਮਬੈਸੀ ਰੋਮ ਵਲੋਂ ਨਗਰ ਕੌਂਸਲ ਕਾਸੀਨੋ ਦੇ ਸਹਿਯੋਗ ਨਾਲ ਦੂਜੀ ਵਿਸ਼ਵ ਜੰਗ 'ਚ ਇਟਲੀ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲੇ ਭਾਰਤੀ ਫ਼ੌਜੀਆਂ ਦੀ ਯਾਦ 'ਚ ਰਾਸ਼ਟਰ ਮੰਡਲ ਜੰਗੀ ਕਬਰਸਤਾਨ ਕਾਸੀਨੋ ਵਿਖੇ ਇੱਕ ਵਿਸ਼ੇਸ਼ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਨਗਰ ਕੌਂਸਲ ਕਾਸੀਨੋ ਦੇ ਮੇਅਰ ਏਂਜੋ ਸਾਲੇਰਾ, ਭਾਰਤੀ ਐਮਬੈਸੀ ਰੋਮ ਦੇ ਉਪ-ਰਾਜਦੂਤ ਗੌਰਵ ਗਾਂਧੀ ਅਤੇ ਭਾਰਤੀ ਅੰਬੈਂਸੀ ਰੋਮ ਸੁੱਰਖ਼ਿਆ ਕਮਿਸ਼ਨ ਦੇ ਕਰਨਲ ਰੋਹਨ ਫ਼ਾਨੀਕਰ ਨੇ ਸ਼ਮੂਲੀਅਤ ਕੀਤੀ।

ਇਸ ਸ਼ਰਧਾਂਜਲੀ ਸਮਾਰੋਹ ਬ੍ਰਿਗੇਡੀਅਰ ਪ੍ਰਦੀਪ ਸਿੰਘ ਸੈਨਾ ਮੈਡਲ ਦੀ ਅਗਵਾਈ 'ਚ ਭਾਰਤੀ ਸੈਨਾ ਯੁੱਧ ਮਹਾਂ-ਵਿਦਿਆਲਾ ਦੇ 22 ਅਧਿਕਾਰੀਆਂ ਦਾ ਵਫ਼ਦ ਵੀ ਉਚੇਚੇ ਤੌਰ 'ਤੇ ਸ਼ਹੀਦ ਭਾਰਤੀ ਫ਼ੌਜੀਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਪਹੁੰਚਿਆ ਜਿਹੜਾ ਕਿ ਭਾਰਤੀ ਸੈਨਾ ਦੀ ਬਹਾਦਰੀ, ਸਨਮਾਨ ਅਤੇ ਕੁਰਬਾਨੀ ਦੀਆਂ ਸਥਾਈ ਪਰੰਪਰਾਵਾਂ ਦੀ ਜਿਊਂਦੀ ਜਾਗਦੀ ਵਿਰਾਸਤ ਦੀ ਪੈਰਵੀ ਕਰਦਾ ਹੈ। ਸ਼ਰਧਾਂਜਲੀ ਸਮਾਰੋਹ ਮੌਕੇ ਇਟਾਲੀਅਨ ਆਰਮੀ ਬੈਂਡ ਨੇ ਦੋਵਾਂ ਦੇਸ਼ਾਂ ਦੇ ਰਾਸ਼ਟਰੀ ਗੀਤ ਵਜਾਉਂਦਿਆਂ ਉਤੇਜਕ ਸੁਰਾਂ ਰਾਹੀਂ ਇਟਲੀ ਅਤੇ ਭਾਰਤ ਦੇ ਆਪਸੀ ਪਿਆਰ, ਦੋਸਤੀ ਅਤੇ ਆਪਸੀ ਸਤਿਕਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ।

ਇਹ ਸ਼ਰਧਾਂਜਲੀ ਸਮਾਰੋਹ ਸਿਰਫ਼ ਸ਼ਰਧਾਂਜਲੀ ਸਮਾਰੋਹ ਹੀ ਨਹੀਂ ਸੀ ਸਗੋਂ ਉਨ੍ਹਾਂ ਕਦਰਾਂ-ਕੀਮਤਾਂ ਦੀ ਪੁਸ਼ਟੀ ਵੀ ਕਰਦਾ ਸੀ ਜੋ ਸਮੇਂ ਅਤੇ ਸਰਹੱਦਾਂ ਤੋਂ ਪਾਰ ਇਨਸਾਨੀਅਤ ਨੂੰ ਇੱਕਜੁੱਟ ਕਰਦੀਆਂ ਹਨ। ਇਹ ਸਮਾਰੋਹ ਇਟਲੀ ਦੀ ਆਜ਼ਾਦੀ ਲਈ ਲੜਨ ਵਾਲਿਆਂ ਦੀ ਕੁਰਬਾਨੀਆਂ ਨੂੰ ਯਾਦ ਰੱਖਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਂਝੀਆਂ ਯਾਦਾਂ ਨੂੰ ਸੁਰੱਖਿਅਤ ਰੱਖਣ ਦੀ ਹਾਮੀ ਵੀ ਭਰਦਾ ਸੀ।

ਸੰਨ 1943 ਅਤੇ 1945 ਵਿਚਕਾਰ ਦੂਜੀ ਵਿਸ਼ਵ ਜੰਗ ਦੌਰਾਨ ਇਟਲੀ ਦੀ ਆਜ਼ਾਦੀ ਲਈ 50 ਹਜ਼ਾਰ ਤੋਂ ਵੱਧ ਭਾਰਤੀ ਫ਼ੌਜੀਆਂ ਨੇ ਵੱਧ-ਚੜ੍ਹ ਆਪਣਾ ਯੋਗਦਾਨ ਪਾਇਆ ਅਤੇ ਹਜ਼ਾਰਾਂ ਭਾਰਤੀ ਫ਼ੌਜੀਆਂ ਨੇ ਸ਼ਹਾਦਤ ਦਿੱਤੀ। ਇਹ ਭਾਰਤੀ ਫ਼ੌਜੀ ਜਿਹੜੇ ਕਿ ਭਾਰਤ ਦੇ ਸੂਬੇ ਪੰਜਾਬ ਦੇ ਮੈਦਾਨਾਂ ਤੋਂ, ਹਿਮਾਲਿਆ ਦੀਆਂ ਪਹਾੜੀਆਂ ਤੋਂ, ਰਾਜਸਥਾਨ ਦੇ ਮਾਰੂਥਲਾਂ ਅਤੇ ਹੋਰ ਸੂਬਿਆਂ ਤੋਂ ਸਨ, ਵੱਖ-ਵੱਖ ਧਰਮ, ਵੱਖ-ਵੱਖ ਭਾਸ਼ਾਵਾਂ ਪਰ ਮਕਸਦ ਸਿਰਫ਼ ਇੱਕ ਇਟਲੀ ਦੀ ਆਜ਼ਾਦੀ।

ਇਨ੍ਹਾਂ ਫ਼ੌਜੀਆਂ ਦਾ ਇਹ ਜਜ਼ਬਾ, ਭਾਵਨਾ ਅਤੇ ਉਦੇਸ਼ ਇਟਲੀ ਭਾਰਤ ਦਾ ਇੱਕ ਆਪਸੀ ਪਿਆਰ ਦਾ ਅਟੁੱਟ ਬੰਧਨ ਅੱਜ ਰਾਸ਼ਟਰ ਨੂੰ ਪ੍ਰਭਾਵਿਤ ਕਰਦਾ ਹੈ। ਆਏ ਹੋਏ ਮਹਿਮਾਨਾਂ ਨੇ ਸਭ ਭਾਰਤੀ ਸ਼ਹੀਦਾਂ ਨੂੰ ਯਾਦ ਕਰਦਿਆਂ ਭਾਵ-ਭਿੰਨੀ ਸ਼ਰਧਾਂਜਲੀ ਦਿੱਤੀ ਅਤੇ ਕਿਹਾ ਗਿਆ ਕਿ ਭਾਰਤੀ ਫ਼ੌਜੀਆਂ ਦੀ ਇਹ ਸ਼ਹਾਦਤ ਸਾਨੂੰ ਯਾਦ ਕਰਵਾਉਂਦੀ ਹੈ ਕਿ ਹਿੰਮਤ ਦੀ ਕੋਈ ਸੀਮਾ ਨਹੀਂ ਹੁੰਦੀ ਅਤੇ ਕੁਰਬਾਨੀ ਦਾ

ਡਾਲਰ ਦਾ ਵਧੀਆ ਰੇਟ? 778-246-2500
ਵਿਜ਼ਟਰ ਇੰਸ਼ੋਰੈਂਸ 778-317-6262
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
KEY CUTTING AND PROGRAMMING 236-999-7980
ਸਸਤਾ ਹਵਾਈ ਸਫ਼ਰ 604-217-4114
ਮਰਦਾਨਾ ਕਮਜ਼ੋਰੀ 416-992-5489
ਬੈੱਡ ਬੱਗਜ਼ ਖ਼ਤਮ 604-999-7378
12 Beds, 7 Baths For 24 Guests 905-965-4644

ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

"ਜਟਿਲਤਾ ਨਾਲ ਨਜਿੱਠਣਾ ਸਮੇਂ, ਧਿਆਨ ਅਤੇ ਮਾਨਸਿਕ ਊਰਜਾ ਦੀ ਇੱਕ ਅਕੁਸ਼ਲ ਅਤੇ ਬੇਲੋੜੀ ਬਰਬਾਦੀ ਹੈ। ਚੀਜ਼ਾਂ ਦੇ ਗੁੰਝਲਦਾਰ ਹੋਣ ਦਾ ਕਦੇ ਵੀ ਕੋਈ ਜਾਇਜ਼ ਕਾਰਨ ਨਹੀਂ ਹੁੰਦਾ ਕਿਉਂਕਿ ਉਹ ਹਮੇਸ਼ਾ ਸਰਲ ਹੋ ਸਕਦੀਆਂ ਹਨ।" ਇਹ ਕਹਿਣਾ ਸੀ ਮਹਾਨ ਦਾਰਸ਼ਨਿਕ ਐਡਵਰਡ ਡੀ ਬੋਨੋ ਦਾ। ਤੁਹਾਡੀ ਜ਼ਿੰਦਗੀ 'ਚ ਜਿਹੜੀ ਚੀਜ਼ ਬਹੁਤ ਹੀ ਸਿੱਧੀ ਹੋ ਸਕਦੀ ਸੀ (ਅਤੇ ਉਸ ਨੂੰ ਹੋਣਾ ਵੀ ਚਾਹੀਦਾ ਸੀ) ਇਸ ਵੇਲੇ ਬੁਰੀ ਤਰ੍ਹਾਂ ਉਲਝ ਰਹੀ ਹੈ। ਮੈਨੂੰ ਤੁਹਾਨੂੰ ਇਹ ਦੱਸ ਕੇ ਖ਼ੁਸ਼ੀ ਹੋ ਰਹੀ ਹੈ ਕਿ ਤੁਹਾਡੇ ਕੋਲ ਉਸ ਨੂੰ ਹੱਲ ਕਰਨ ਦੀ ਸ਼ਕਤੀ ਮੌਜੂਦ ਹੈ, ਪਰ ਤੁਹਾਨੂੰ ਥੋੜ੍ਹੇ ਆਤਮਵਿਸ਼ਵਾਸ ਦੀ ਲੋੜ ਪਵੇਗੀ। ਇੱਕ ਛੋਟੀ ਜਿਹੀ ਅਨਿਸ਼ਚਿਤਤਾ ਨੂੰ ਇੱਕ ਵੱਡੀ ਰੁਕਾਵਟ ਨਾ ਬਣਨ ਦਿਓ।

ਇੱਕ ਪੁਰਾਣੀ ਕਹਾਵਤ ਹੈ, "ਤੁਸੀਂ ਮੇਰੀ ਪਿੱਠ ਖੁਰਕੋ ਅਤੇ ਮੈਂ ਤੁਹਾਡੀ ਖੁਰਕਾਂਗਾ," ਭਾਵ ਸੱਜਾ ਧੋਵੇ ਖੱਬੇ ਨੂੰ ਤੇ ਖੱਬਾ ਧੋਵੇ ਸੱਜੇ ਨੂੰ। ਕਿਸੇ ਅਹਿਸਾਨ ਦੇ ਬਦਲੇ ਅਹਿਸਾਨ ਕਰਨਾ। ਇਹ ਮੁਹਾਵਰਾ ਸਿਰਫ਼ ਖਾਰਸ਼ੀ ਪਿੱਠਾਂ ਵਾਲੇ ਲੋਕਾਂ 'ਤੇ ਹੀ ਲਾਗੂ ਨਹੀਂ ਹੁੰਦਾ। ਕੁਝ ਅਹਿਸਾਨ ਅਜਿਹੇ ਹੁੰਦੇ ਨੇ ਜਿਹੜੇ ਅਸੀਂ ਖ਼ੁਦ ਲਈ ਕਰਨ ਦੀ ਬਜਾਏ ਦੂਸਰਿਆਂ ਲਈ ਕਿਤੇ ਵੱਧ ਆਸਾਨੀ ਨਾਲ ਕਰ ਸਕਦੇ ਹਾਂ। ਕਈ ਵਾਰ ਅਸੀਂ ਖ਼ੁਦ ਨੂੰ ਕਿਸੇ ਦੋਸਤ ਵਾਸਤੇ ਪੂਰੀ ਕੋਸ਼ਿਸ਼ ਕਰਨ ਲਈ ਬਹੁਤ ਤਤਪਰ ਪਾਉਂਦੇ ਹਾਂ। ਉਦਾਹਰਣ ਦੇ ਤੌਰ 'ਤੇ, ਅਸੀਂ ਕਈ ਵਾਰ ਭਾਵੇਂ ਆਪਣੇ ਆਪ ਲਈ ਡਿਨਰ ਬਣਾਉਣ ਦੇ ਮੂਡ 'ਚ ਨਾ ਹੋਈਏ, ਪਰ ਜੇ ਸਾਡੇ ਘਰੇ ਕੁਝ ਮਹਿਮਾਨ ਆ ਰਹੇ ਹੋਣ ਤਾਂ ਅਸੀਂ ਉਨ੍ਹਾਂ ਲਈ ਵੰਨ-ਸੁਵੰਨੇ ਪਕਵਾਨ ਬਣਾਉਣ 'ਚ ਆਪਣੀ ਪੂਰੀ ਵਾਹ ਲਗਾ ਦਿੰਦੇ ਹਾਂ। ਸਾਨੂੰ ਇਸ ਵੇਲੇ ਕਿਸੇ ਵਿਅਕਤੀ ਨੂੰ ਇਹ ਸਮਝਾਉਣ ਦੀ ਲੋੜ ਹੈ, ਪਰ ਬਹੁਤ ਹੀ ਸਹਿਜ ਢੰਗ ਨਾਲ, ਕਿ ਮਦਦਗਾਰ ਬਣਨ ਨਾਲ ਉਨ੍ਹਾਂ ਦੀ ਉਹ ਪ੍ਰਾਪਤ ਕਰਨ ਦੀ ਸੰਭਾਵਨਾ ਵੱਧ ਜਾਵੇਗੀ ਜਿਸ ਦੀ ਉਨ੍ਹਾਂ ਨੂੰ ਸਭ ਤੋਂ ਵੱਧ ਲੋੜ ਹੈ, ਅਤੇ ਅਜਿਹਾ ਕਰ ਕੇ ਉਹ ਖ਼ੁਸ਼ੀ ਵੀ ਮਹਿਸੂਸ ਕਰਨਗੇ!

ਆਪਣੇ ਆਪ 'ਤੇ ਸ਼ੱਕ ਕਿਉਂ ਕਰੀਏ? ਮੈਨੂੰ ਜਾਪਦੈ ਕਿ ਤੁਸੀਂ ਇਸ ਵਕਤ ਬਿਲਕੁਲ ਹੀ ਗ਼ਲਤ ਜਗ੍ਹਾ 'ਤੇ, ਗ਼ਲਤ ਸਮੇਂ 'ਤੇ ਅਤੇ ਗ਼ਲਤ ਕਾਰਨ ਕਰ ਕੇ ਹੋ। ਤੁਸੀਂ, ਸ਼ਾਇਦ, ਕੋਈ ਬਹੁਤ ਭਿਆਨਕ ਗ਼ਲਤੀ ਕਰ ਰਹੇ ਹੋ। ਪਰ ਆਓ ਇਸ ਬਾਰੇ ਜ਼ਰਾ ਗੰਭੀਰਤਾ ਨਾਲ ਸੋਚੀਏ। ਹੋ ਸਕਦਾ ਹੈ ਕਿ ਉਪ੍ਰੋਕਤ 'ਚੋਂ ਕੋਈ ਵੀ ਗੱਲ ਸੱਚ ਨਾ ਹੋਵੇ। ਹੁਣ ਤੁਹਾਡੀ ਨਿੱਜੀ ਜ਼ਿੰਦਗੀ 'ਚ ਤੁਹਾਨੂੰ ਇੱਕ ਬਹੁਤ ਹੀ ਸਪੱਸ਼ਟ, ਸਿਆਣੀ ਆਵਾਜ਼ ਦੁਆਰਾ ਨਿਰਦੇਸ਼ਿਤ ਕੀਤਾ ਜਾ ਰਿਹੈ, ਅਤੇ ਤੁਹਾਨੂੰ ਤੇਜ਼ੀ ਨਾਲ ਇੱਕ ਮਹਾਨ ਤੋਹਫ਼ੇ ਦੇ ਸਰੋਤ ਵੱਲ ਲਿਜਾਇਆ ਜਾ ਰਿਹੈ। ਆਪਣੇ ਆਪ 'ਤੇ ਸ਼ੱਕ ਕਰਨਾ ਬੰਦ ਕਰੋ। ਜੇਕਰ ਤੁਸੀਂ ਹਰ ਵਿਕਾਸ 'ਤੇ ਸਵਾਲ ਉਠਾਉਂਦੇ ਰਹੋਗੇ ਤਾਂ ਤੁਸੀਂ ਉਸ ਜਾਦੂ ਦਾ ਇੱਕ ਬਹੁਤ ਵੱਡਾ ਹਿੱਸਾ ਗੁਆ ਲਵੋਗੇ ਜੋ ਹੁਣ ਤੁਹਾਡੇ 'ਤੇ ਵਰ੍ਹਾਇਆ ਜਾ ਰਿਹੈ।

ਕਾਲੀਆਂ-ਚਿੱਟੀਆਂ ਫ਼ਿਲਮਾਂ ਦੇ ਦਿਨਾਂ 'ਚ, ਭਾਵਨਾਤਮਕ ਮੁੱਦੇ ਵੀ ਕਾਲੇ ਅਤੇ ਚਿੱਟੇ ਹੀ ਹੁੰਦੇ ਸਨ! ਉਸ ਵਕਤ ਕੋਈ ਵੀ ਹੋਰ ਅਜਿਹੇ ਰੰਗ ਨਹੀਂ ਸੀ ਹੁੰਦੇ ਜਿਨ੍ਹਾਂ 'ਚ ਉਸ ਵਕਤ ਦੀਆਂ ਭਾਵਨਾਵਾਂ ਨੂੰ ਵਿਅਕਤ ਕੀਤਾ ਜਾ ਸਕਦਾ। ਅੱਜਕੱਲ੍ਹ, ਅਸੀਂ ਖ਼ੁਦ ਨੂੰ ਗੁੰਝਲਦਾਰ ਮਨੋਵਿਗਿਆਨਕ ਫ਼ਿਲਮਾਂ ਦੇ ਆਦੀ ਬਣਾ ਚੁੱਕੇ ਹਾਂ। ਸੂਝਵਾਨ ਦਰਸ਼ਕ ਸੂਖਮਤਾ ਅਤੇ ਅਸਪਸ਼ਟਤਾ ਦੀ ਇੰਨੀ ਕਦਰ ਕਰਦੇ ਹਨ ਕਿ ਅਕਸਰ ਫ਼ਿਲਮ ਦੇ ਅੰਤ ਤਕ ਉਹ ਇਹ ਨਹੀਂ ਦੱਸ ਸਕਦੇ ਕਿ ਚੰਗੇ ਲੋਕ ਕਿਹੜੇ ਹਨ ਅਤੇ ਬੁਰੇ ਕਿਹੜੇ। ਇਹ ਨਿਰਾਸ਼ਾਜਨਕ ਹੋਣ ਦੇ ਬਾਵਜੂਦ ਬਹੁਤ ਜ਼ਿਆਦਾ ਯਥਾਰਥਵਾਦੀ ਹੈ। ਤੁਹਾਡੀ ਜ਼ਿੰਦਗੀ ਵਿਚਲੀ ਇੱਕ ਗੁੰਝਲਦਾਰ ਸਥਿਤੀ 'ਤੇ ਡੂੰਘਾਈ ਨਾਲ ਵਿਚਾਰ ਕਰਨ ਦੀ ਲੋੜ ਹੈ।

ਸਾਡੇ ਸੁਪਨੇ ਹਮੇਸ਼ਾ ਸੱਚ ਨਹੀਂ ਹੁੰਦੇ। ਪਰ ਇਹ ਕੋਈ ਕਾਰਨ ਨਹੀਂ ਕਿ ਅਸੀਂ ਆਪਣੇ ਆਪ ਨੂੰ ਉਸ ਖ਼ੁਸ਼ੀ ਤੋਂ ਵਾਂਝਾ ਰੱਖੀਏ ਜੋ ਸਾਨੂੰ ਇਹ ਕਲਪਨਾ ਕਰਨ ਨਾਲ ਮਿਲਦੀ ਹੈ ਕਿ ਸ਼ਾਇਦ, ਇੱਕ ਦਿਨ, ਉਹ ਸੱਚ ਹੋ ਜਾਣ। ਸਾਰੇ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਅਸੀਂ ਆਪਣੀਆਂ ਕਲਪਨਾਵਾਂ ਦੇ ਹੱਕਦਾਰ ਹਾਂ, ਜਿੰਨਾ ਚਿਰ ਅਸੀਂ ਉਨ੍ਹਾਂ ਕਾਰਨ ਹਕੀਕਤ 'ਤੇ ਆਪਣੀ ਪਕੜ ਢਿੱਲੀ ਨਹੀਂ ਪੈਣ ਦਿੰਦੇ। ਇਸੇ ਕਰ ਕੇ ਬਹੁਤ ਸਾਰੇ ਲੋਕ ਆਪਣੀਆਂ ਤਾਂਘਾਂ ਅਤੇ ਇੱਛਾਵਾਂ ਨੂੰ ਵੰਡ ਜਾਂ ਉਨ੍ਹਾਂ ਦਾ ਵਰਗੀਕਰਣ ਕਰ ਦਿੰਦੇ ਹਨ। ਉਹ ਉਨ੍ਹਾਂ ਨੂੰ ਇੱਕ ਕਿਸਮ ਦੀ ਮਨੋਵਿਗਿਆਨਕ ਕੁਐਰੈਨਟੀਨ ਜਾਂ ਅਲਹਿਦਗੀ 'ਚ ਪਾ ਦਿੰਦੇ ਹਨ ਤਾਂ ਜੋ ਉਨ੍ਹਾਂ ਦੀ ਵਿਵਹਾਰਕਤਾ ਦੀ ਭਾਵਨਾ ਪ੍ਰਦੂਸ਼ਿਤ ਨਾ ਹੋ ਜਾਵੇ, ਠੀਕ ਉਸੇ ਤਰ੍ਹਾਂ ਜਿਵੇਂ ਕਿਸੇ ਛੂਤ ਦੀ ਬੀਮਾਰੀ ਨੂੰ ਫ਼ੈਲਣ ਤੋਂ ਰੋਕਣ ਲਈ ਉਸ ਬੀਮਾਰੀ ਤੋਂ ਸੰਕ੍ਰਮਿਤ ਮਰੀਜ਼ ਨੂੰ ਹਸਪਤਾਲ ਦੇ ਇੱਕ ਕਮਰੇ 'ਚ ਅਲੱਗ-ਥਲੱਗ ਕਰ ਦਿੱਤਾ ਜਾਂਦਾ ਹੈ। ਪਰ ਜੇ ਉਨ੍ਹਾਂ 'ਚੋਂ ਕੁਝ ਸੁਪਨੇ ਅਸਲ 'ਚ ਸੱਚ ਹੋ ਸਕਦੇ ਹੋਣ ਤਾਂ ਉਸ ਸੂਰਤ 'ਚ ਕੀ ਹੋਵੇਗਾ? ਹੁਣ ਤੁਹਾਡੇ ਵੀ ਕੁਝ ਸੁਪਨੇ ਸਾਕਾਰ ਹੋ ਸਕਦੇ ਨੇ!

ਸ਼ੂਗਰ ਦੇ ਮਰੀਜ਼ਾਂ ਨੂੰ ਨਹੀਂ ਮਿਲੇਗਾ US ਦਾ ਵੀਜ਼ਾ

ਨਿਊ ਯੌਰਕ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ ਆਏ ਦਿਨ ਕੋਈ ਨਾ ਕੋਈ ਨਵਾਂ ਐਲਾਨ ਕੀਤਾ ਜਾ ਰਿਹਾ ਹੈ, ਜਿਸ ਕਾਰਨ ਦੁਨੀਆਂ ਭਰ 'ਚ ਸਨਸਨੀ ਫ਼ੈਲ ਜਾਂਦੀ ਹੈ। ਉਨ੍ਹਾਂ ਦੇ ਗ਼ੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਅਪਣਾਏ ਹੋਏ ਸਖ਼ਤ ਰੁਖ਼ ਕਾਰਨ ਉਹ ਪਹਿਲਾਂ ਹੀ ਚਰਚਾ ਦਾ ਵਿਸ਼ਾ ਬਣੇ ਹੋਏ ਹਨ, ਉੱਥੇ ਹੀ ਉਨ੍ਹਾਂ ਦੇ ਪ੍ਰਸ਼ਾਸਨ ਨੇ ਇੱਕ ਹੋਰ ਅਜਿਹਾ ਐਲਾਨ ਕੀਤਾ ਹੈ ਜਿਸ ਨੂੰ ਸੁਣ ਕੇ ਹਰ ਕੋਈ ਹੈਰਾਨ ਰਹਿ ਗਿਆ ਹੈ।

ਜਾਣਕਾਰੀ ਅਨੁਸਾਰ ਅਮਰੀਕਾ 'ਚ ਰਹਿਣ ਦੀ ਮੰਗ ਕਰਨ ਵਾਲੇ ਵਿਦੇਸ਼ੀਆਂ ਨੂੰ ਹੁਣ ਉਨ੍ਹਾਂ ਦੀ ਸਿਹਤ ਦੀ ਸਥਿਤੀ ਦੇ ਆਧਾਰ 'ਤੇ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਟਰੰਪ ਪ੍ਰਸ਼ਾਸਨ ਨੇ ਇੱਕ ਨਵੀਂ ਹਿਦਾਇਤ ਜਾਰੀ ਕੀਤੀ ਹੈ ਜਿਸ 'ਚ ਅਮਰੀਕੀ ਵੀਜ਼ਾ ਅਫ਼ਸਰਾਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਅਜਿਹੇ ਵਿਅਕਤੀਆਂ ਦੀਆਂ ਅਰਜ਼ੀਆਂ ਰੱਦ ਕਰ ਦੇਣ ਜਿਨ੍ਹਾਂ ਨੂੰ ਕੁਝ ਖ਼ਾਸ ਡਾਕਟਰੀ ਸਮੱਸਿਆਵਾਂ ਹਨ। ਰਿਪੋਰਟਾਂ ਅਨੁਸਾਰ ਇਨ੍ਹਾਂ ਸਮੱਸਿਆਵਾਂ 'ਚ ਸ਼ੂਗਰ ਅਤੇ ਮੋਟਾਪਾ ਵੀ ਸ਼ਾਮਿਲ ਹਨ।

ਅਮਰੀਕੀ ਸਟੇਟ ਡਿਪਾਰਟਮੈਂਟ ਵਲੋਂ ਦੂਤਾਵਾਸਾਂ ਅਤੇ ਕੌਂਸਲੇਟਾਂ ਨੂੰ ਭੇਜੇ ਗਏ ਇਸ ਨਿਰਦੇਸ਼ 'ਚ ਅਧਿਕਾਰੀਆਂ ਨੂੰ ਅਜਿਹੇ ਬਿਨੈਕਾਰਾਂ ਨੂੰ ਅਯੋਗ ਮੰਨਣ ਲਈ ਕਿਹਾ ਗਿਆ ਹੈ ਜਿਨ੍ਹਾਂ ਦੀ ਸਿਹਤ ਦੀ ਸਥਿਤੀ ਜਾਂ ਉਮਰ ਉਨ੍ਹਾਂ ਨੂੰ ਸੰਭਾਵੀ ਪਬਲਿਕ ਚਾਰਜ ਬਣਾ ਸਕਦੀ ਹੈ। ਇੱਕ ਪਬਲਿਕ ਚਾਰਜ ਦਾ ਅਰਥ ਹੈ ਉਹ ਵਿਅਕਤੀ ਜੋ ਜਨਤਕ ਲਾਭਾਂ 'ਤੇ ਨਿਰਭਰ ਹੋ ਸਕਦਾ ਹੈ ਜਾਂ ਅਮਰੀਕਾ 'ਤੇ ਵਿੱਤੀ ਬੋਝ ਬਣ ਸਕਦਾ ਹੈ।

ਇਹ ਐਡਵਾਇਜ਼ਰੀ ਸਪੱਸ਼ਟ ਕਰਦੀ ਹੈ ਕਿ ਵੀਜ਼ਾ ਅਫ਼ਸਰਾਂ ਨੂੰ ਇੱਕ ਬਿਨੈਕਾਰ ਦੀ ਸਿਹਤ 'ਤੇ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ। ਨਿਰਦੇਸ਼ ਮੁਤਾਬਿਕ ਕੁਝ ਖ਼ਾਸ ਡਾਕਟਰੀ ਸਥਿਤੀਆਂ ਲਈ ਸੈਂਕੜੇ ਹਜ਼ਾਰਾਂ ਡਾਲਰਾਂ ਤਕ ਦੀ ਦੇਖਭਾਲ ਦੀ ਜ਼ਰੂਰਤ ਹੋ ਸਕਦੀ ਹੈ। ਵੀਜ਼ਾ ਰੱਦ ਕਰਨ ਦੇ ਆਧਾਰਾਂ 'ਚ ਕੁਝ ਹੋਰ ਸਮੱਸਿਆਵਾਂ ਵੀ ਸ਼ਾਮਿਲ ਹਨ, ਜਿਨ੍ਹਾਂ 'ਚ ਕਾਰਡੀਓਵੈਸਕੂਲਰ ਬੀਮਾਰੀਆਂ, ਸਾਹ ਦੀਆਂ ਬੀਮਾਰੀਆਂ, ਕੈਂਸਰ, ਡਾਇਬੀਟੀਜ਼ (ਸ਼ੂਗਰ), ਮੈਟਾਬੌਲਿਕ ਬੀਮਾਰੀਆਂ, ਨਿਊਰੋਲੌਜੀਕਲ ਬੀਮਾਰੀਆਂ, ਮਾਨਸਿਕ ਸਿਹਤ ਸਥਿਤੀਆਂ ਆਦਿ ਸ਼ਾਮਿਲ ਹਨ।

ਦੂਤਾਵਾਸਾਂ ਨੂੰ ਜਾਰੀ ਕੀਤੇ ਗਏ ਨਿਰਦੇਸ਼ ਅਨੁਸਾਰ, ਵੀਜ਼ਾ ਅਫ਼ਸਰਾਂ ਨੂੰ ਮੋਟਾਪੇ 'ਤੇ ਵੀ ਵਿਚਾਰ ਕਰਨ ਲਈ ਕਿਹਾ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਮੋਟਾਪਾ ਦਮਾ ਸਲੀਪ ਐਪਨੀਆ ਅਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਸਮੱਸਿਆਵਾਂ ਪੈਦਾ ਕਰ ਸਕਦਾ ਹੈ ਜਿਨ੍ਹਾਂ ਸਭ ਲਈ ਮਹਿੰਗੀ ਤੇ ਲੰਬੇ ਸਮੇਂ ਦੀ ਦੇਖਭਾਲ ਦੀ ਜ਼ਰੂਰਤ ਹੋ ਸਕਦੀ ਹੈ।

ਨਵੇਂ ਨਿਯਮਾਂ ਤਹਿਤ ਵੀਜ਼ਾ ਅਫ਼ਸਰ ਨੂੰ ਬਿਨੈਕਾਰ ਦੀ ਡਾਕਟਰੀ ਇਲਾਜ ਲਈ ਭੁਗਤਾਨ ਕਰਨ ਦੀ ਸਮਰਥਾ ਦਾ ਮੁਲਾਂਕਣ ਕਰਨਾ ਲਾਜ਼ਮੀ ਹੋਵੇਗਾ। ਨਿਰਦੇਸ਼ 'ਚ ਪੁੱਛਿਆ ਗਿਆ ਹੈ ਕਿ ਕੀ ਬਿਨੈਕਾਰ ਕੋਲ ਆਪਣੀ ਪੂਰੀ ਸੰਭਾਵਿਤ ਉਮਰ ਦੌਰਾਨ ਅਜਿਹੀ ਦੇਖਭਾਲ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਢੁੱਕਵੇਂ ਵਿੱਤੀ ਸਰੋਤ ਹਨ ਜਾਂ ਨਹੀਂ। ਇਸ ਤੋਂ ਇਲਾਵਾ ਅਧਿਕਾਰੀ ਬਿਨੈਕਾਰ ਦੇ ਪਰਿਵਾਰਕ ਮੈਂਬਰਾਂ ਦੀ ਸਿਹਤ 'ਤੇ ਵੀ ਵਿਚਾਰ ਕਰ ਸਕਦੇ ਹਨ। ਜੇਕਰ ਕਿਸੇ ਆਸ਼ਰਿਤ ਨੂੰ ਅਪੰਗਤਾ, ਪੁਰਾਣੀਆਂ ਡਾਕਟਰੀ ਸਥਿਤੀਆਂ, ਜਾਂ ਹੋਰ ਵਿਸ਼ੇਸ਼ ਲੋੜਾਂ ਹਨ ਜਿਸ ਕਾਰਨ ਬਿਨੈਕਾਰ ਆਪਣੀ ਨੌਕਰੀ ਜਾਰੀ ਨਹੀਂ ਰੱਖ ਸਕਦਾ ਤਾਂ ਇਸ ਕਾਰਨ ਵੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ।

ਹਾਲਾਂਕਿ ਅਮਰੀਕੀ ਅਧਿਕਾਰੀਆਂ ਵਲੋਂ ਅਜੇ ਕੋਈ ਅਧਿਕਾਰਿਕ ਐਲਾਨ ਜਾਂ ਪੁਸ਼ਟੀ ਨਹੀਂ ਕੀਤੀ ਗਈ, ਅਤੇ ਨਾ ਹੀ ਸਟੇਟ ਡਿਪਾਰਟਮੈਂਟ ਦੇ ਬੁਲਾਰੇ ਨੇ ਵੀ ਇਸ ਨਿਰਦੇਸ਼ 'ਤੇ ਕੋਈ ਟਿੱਪਣੀ ਕੀਤੀ ਹੈ

UK ਦੇ ਇਮੀਗ੍ਰੇਸ਼ਨ ਨਿਯਮ ਹੁਣ ਹੋਣਗੇ Denmark ਜਿੰਨੇ ਸਖ਼ਤ

ਲੰਡਨ: ਬ੍ਰਿਟੇਨ ਦੇ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਵਧਦੀ ਇਮੀਗ੍ਰੇਸ਼ਨ ਨਾਲ ਨਜਿੱਠਣ ਲਈ **Denmark Model** ਅਪਨਾਉਣ 'ਤੇ ਵਿਚਾਰ ਕਰ ਰਹੇ ਹਨ ਜਿਸ 'ਚ ਸਖ਼ਤ ਕੰਟਰੋਲ ਅਤੇ ਪਨਾਹ ਲੈਣ ਦੀ ਪ੍ਰਣਾਲੀ 'ਚ ਮਾਮੂਲੀ ਤਬਦੀਲੀ ਕਰਨ ਦੀ ਯੋਜਨਾ ਸ਼ਾਮਿਲ ਹੈ।

ਡੈਨਮਾਰਕ ਨੂੰ ਯੌਰਪ 'ਚ ਇਮੀਗ੍ਰੇਸ਼ਨ ਦੇ ਮਾਮਲਿਆਂ 'ਚ ਸਭ ਤੋਂ ਸਖ਼ਤ ਦੇਸ਼ਾਂ 'ਚੋਂ ਇੱਕ ਮੰਨਿਆ ਜਾਂਦਾ ਹੈ। ਖ਼ਬਰ ਹੈ ਕਿ ਮਹਿਮੂਦ ਨੇ ਹਾਲ ਹੀ 'ਚ ਗ੍ਰਹਿ ਮੰਤਰਾਲਾ ਦੇ ਸੀਨੀਅਰ ਅਧਿਕਾਰੀਆਂ ਨੂੰ ਡੈਨਮਾਰਕ ਮਾਡਲ ਦਾ ਅਧਿਐਨ ਕਰਨ ਲਈ ਕੋਪੇਨਹੇਗਨ ਭੇਜਿਆ ਹੈ ਤਾਂ ਕਿ ਉਸ ਮਾਡਲ ਨੂੰ ਬ੍ਰਿਟੇਨ 'ਚ ਵੀ ਲਾਗੂ ਕੀਤਾ ਜਾ ਸਕੇ।

ਡੈਨਮਾਰਕ ਸੰਘਰਸ਼ਸ਼ੀਲ ਖੇਤਰਾਂ ਤੋਂ ਆ ਕੇ ਸਫ਼ਲਤਾਪੂਰਵਕ ਪਨਾਹ ਹਾਸਿਲ ਕਰਨ ਵਾਲੇ ਜ਼ਿਆਦਾਤਰ ਲੋਕਾਂ ਨੂੰ ਸਿਰਫ਼ ਅਸਥਾਈ ਤੌਰ 'ਤੇ ਓਦੋਂ ਤਕ ਹੀ ਰਹਿਣ ਦੀ ਇਜ਼ਾਜਤ ਦਿੰਦਾ ਹੈ ਜਦੋਂ ਤਕ ਸਰਕਾਰ ਉਨ੍ਹਾਂ ਦੇ ਆਪਣੇ ਦੇਸ਼ਾਂ ਨੂੰ ਉਨ੍ਹਾਂ ਦੇ ਵਾਪਿਸ ਪਰਤਣ ਲਈ ਸੁਰੱਖਿਅਤ ਐਲਾਨ ਨਹੀਂ ਕਰ ਦਿੰਦੀ। ਰਿਪੋਰਟ ਮੁਤਾਬਿਕ ਡੈਨਮਾਰਕ 'ਚ ਪਰਿਵਾਰ ਨਾਲ ਰਹਿਣ ਲਈ ਸਖ਼ਤ ਨਿਯਮਾਂ ਨੇ ਬ੍ਰਿਟੇਨ ਦੇ ਗ੍ਰਹਿ ਮੰਤਰਾਲਾ ਦੇ ਅਧਿਕਾਰੀਆਂ ਦਾ ਧਿਆਨ ਵੀ ਖਿੱਚਿਆ ਹੈ।

ਇਸ 'ਚ ਵਿੱਤੀ ਜ਼ਰੂਰਤਾਂ ਅਤੇ ਜ਼ਬਰੀ ਵਿਆਹ ਨੂੰ ਰੋਕਣ ਲਈ ਰਹਿਣ ਦੇ ਅਧਿਕਾਰ ਵਾਸਤੇ 24 ਸਾਲ ਤੋਂ ਵੱਧ ਦੀ ਉਮਰ ਹੱਦ ਅਤੇ ਦੇਸ਼ 'ਚ ਪਰਵਾਸੀ ਬਸਤੀਆਂ ਦੇ ਨਿਰਮਾਣ ਨੂੰ ਰੋਕਣ ਲਈ ਸਖ਼ਤ ਰਿਹਾਇਸ਼ੀ ਨਿਯਮ ਸ਼ਾਮਿਲ ਹਨ। ਬ੍ਰਿਟੇਨ 'ਚ ਰਹਿਣ ਦੀ ਇੱਛੁਕ ਸ਼ਰਣਾਰਥੀਆਂ ਨੂੰ ਉੱਚ ਪੱਧਰ ਦੀ ਅੰਗਰੇਜ਼ੀ ਸਿੱਖਣੀ ਹੋਵੇਗੀ ਅਤੇ ਉਨ੍ਹਾਂ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੋਣਾ ਚਾਹੀਦਾ। ਪਨਾਹ ਮਿਲਣ 'ਤੇ ਉਨ੍ਹਾਂ ਨੂੰ ਆਪਣੀ ਰਿਹਾਇਸ਼ ਅਤੇ ਹੋਰ ਸੁਵਿੱਧਾਵਾਂ ਦਾ ਖ਼ਰਚ ਵੀ ਭਰਨਾ ਪੈ ਸਕਦਾ ਹੈ।

ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਡਾਲਰ ਦਾ ਵਧੀਆ ਰੇਟ? 778-246-2500
ਸਸਤਾ ਹਵਾਈ ਸਫ਼ਰ 604-217-4114
ਵਿਜ਼ਟਰ ਇੰਸ਼ੋਰੈਂਸ 778-317-6262
ਸਸਤਾ ਹਵਾਈ ਸਫ਼ਰ 604-217-4114
ਮਰਦਾਨਾ ਕਮਜ਼ੋਰੀ 416-992-5489
KEY CUTTING AND PROGRAMMING 236-999-7980
ਸਸਤਾ ਹਵਾਈ ਸਫ਼ਰ 604-217-4114

ਮਰਦਾਨਾ ਕਮਜ਼ੋਰੀ 416-992-5489
ਵਿਜ਼ਟਰ ਇੰਸ਼ੋਰੈਂਸ 778-317-6262
KEY CUTTING AND PROGRAMMING 236-999-7980
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਡਾਲਰ ਦਾ ਵਧੀਆ ਰੇਟ? 778-246-2500
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
12 Beds, 7 Baths For 24 Guests 905-965-4644
ਬੈੱਡ ਬੱਗਜ਼ ਖ਼ਤਮ 604-999-7378

US-China ਸਮਝੌਤੇ ਕਾਰਨ ਭਾਰਤ ਲਈ ਇਲੈਕਟ੍ਰੌਨਿਕਸ ਮੈਨੂਫ਼ੈਕਚਰਿੰਗ ਦੀ ਰਾਹ ਮੁਸ਼ਕਿਲ

ਨਵੀਂ ਦਿੱਲੀ: ਅਮਰੀਕਾ ਅਤੇ ਚੀਨ ਵਿਚਕਾਰ ਜਾਰੀ ਟੈਰਿਫ਼ ਵਾਰ 'ਚ ਆਈ ਨਰਮੀ ਨੇ ਭਾਰਤ ਦੇ ਇਲੈਕਟ੍ਰੌਨਿਕਸ ਮੈਨੂਫ਼ੈਕਚਰਿੰਗ ਸੈਕਟਰ ਦੇ ਸਾਹਮਣੇ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਹੁਣ ਤਕ ਦੋਵਾਂ ਦੇਸ਼ਾਂ ਵਿਚਕਾਰ ਵਧਦੇ ਵਪਾਰਕ ਤਨਾਅ ਕਾਰਨ ਕਈ ਬਹੁ-ਰਾਸ਼ਟਰੀ ਕੰਪਨੀਆਂ ਚਾਈਨਾ ਪਲੱਸ ਵੰਨ ਰਣਨੀਤੀ ਅਪਣਾ ਕੇ ਭਾਰਤ ਨੂੰ ਇੱਕ ਬਦਲਵੇਂ ਉਤਪਾਦਨ ਕੇਂਦਰ ਵਜੋਂ ਦੇਖ ਰਹੀਆਂ ਸਨ, ਪਰ ਜਿਵੇਂ-ਜਿਵੇਂ ਅਮਰੀਕਾ ਅਤੇ ਚੀਨ ਵਿਚਕਾਰ ਸਮਝੌਤੇ ਦੇ ਸੰਕੇਤ ਮਿਲ ਰਹੇ ਹਨ, ਭਾਰਤ ਲਈ ਨਿਵੇਸ਼ ਆਕਰਸ਼ਿਤ ਕਰਨ ਦੀ ਰਫ਼ਤਾਰ ਸੁਸਤ ਪੈਣ ਦਾ ਖ਼ਤਰਾ ਵੱਧ ਗਿਆ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਦੋਵਾਂ ਮਹਾਸ਼ਕਤੀਆਂ ਵਿਚਕਾਰ ਵਪਾਰਕ ਰਿਸ਼ਤਿਆਂ 'ਚ ਸੁਧਾਰ ਜਾਰੀ ਰਿਹਾ ਤਾਂ ਚੀਨ ਦੀ ਮੈਨੂਫ਼ੈਕਚਰਿੰਗ ਮੁਕਾਬਲੇਬਾਜ਼ੀ ਫ਼ਿਰ ਮਜ਼ਬੂਤ ਹੋ ਸਕਦੀ ਹੈ। ਇਸ ਨਾਲ ਭਾਰਤ ਲਈ ਮੇਕ ਇਨ ਇੰਡੀਆ ਅਤੇ PLI ਯੋਜਨਾਵਾਂ ਤਹਿਤ ਬਣਾਏ ਗਏ ਉਤਪਾਦਨ ਟੀਚਿਆਂ ਨੂੰ ਹਾਸਿਲ ਕਰਨਾ ਹੋਰ ਵੀ ਮੁਸ਼ਕਿਲ ਹੋ ਜਾਵੇਗਾ। ਬੁਸਾਨ 'ਚ ਅਮਰੀਕੀ ਅਤੇ ਚੀਨੀ ਰਾਸ਼ਟਰਪਤੀਆਂ ਦੀ ਮੁਲਾਕਾਤ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਤਨਾਅ 'ਚ ਆਈ ਕਮੀ ਨੂੰ ਸਫ਼ਲ ਦੱਸਿਆ ਗਿਆ, ਪਰ ਇਸ ਵਿਕਾਸ ਨੇ ਭਾਰਤ ਦੇ ਇਲੈਕਟ੍ਰਾਨਿਕਸ ਉਦਯੋਗ ਦੀ ਚਿੰਤਾ ਵਧਾ ਦਿੱਤੀ ਹੈ।

US-China ਸਮਝੌਤੇ ਦਾ ਅਸਰ: ਅਮਰੀਕਾ ਵਲੋਂ ਚੀਨ ਤੋਂ ਦਰਾਮਦ ਕੀਤੇ ਸਾਮਾਨਾਂ 'ਤੇ ਲਾਏ ਭਾਰਤੀ ਗਏ ਟੈਰਿਫ਼ਸ 'ਚ ਕਮੀ ਤੋਂ ਬਾਅਦ ਇਲੈਕਟ੍ਰੌਨਿਕਸ ਕੰਪਨੀਆਂ ਨੇ ਪਿਛੜਨ ਦਾ ਖ਼ਦਸ਼ਾ ਜ਼ਾਹਿਰ ਮੁਕਾਬਲੇ 'ਚ ਕੀਤਾ ਹੈ। ਉਦਯੋਗ ਦਾ ਕਹਿਣਾ ਹੈ ਕਿ ਇਸ ਨਾਲ ਅਮਰੀਕੀ ਬਾਜ਼ਾਰ 'ਚ ਉਨ੍ਹਾਂ ਦੀ ਪਕੜ ਕਮਜ਼ੋਰ ਹੋ ਸਕਦੀ ਹੈ ਕਿਉਂਕਿ ਹੁਣ ਚੀਨ ਦੇ ਉਤਪਾਦ ਹੋਰ ਸਸਤੇ ਹੋ ਕੇ ਉਥੇ ਪਹੁੰਚਣਗੇ। ਇਸ ਕਾਰਨ ਭਾਰਤੀ ਉਦਯੋਗ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਸੰਭਾਵੀ ਅਸਰ ਨੂੰ ਘੱਟ ਕਰਨ ਲਈ ਸਹਾਇਕ ਨੀਤੀਗਤ ਕਦਮ ਚੁੱਕੇ।

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਅਤੇ ਚੀਨ ਦੇ ਰਾਸ਼ਟਰਪਤੀ ਸੀ ਜ਼ਿਨਪਿੰਗ ਵਿਚਕਾਰ 30 ਅਕਤੂਬਰ ਨੂੰ ਹੋਈ ਮੁਲਾਕਾਤ ਤੋਂ ਬਾਅਦ ਅਮਰੀਕਾ ਨੇ ਚੀਨ 'ਤੇ ਲਾਏ ਫ਼ੈਂਟਾਈਲ ਟੈਰਿਫ਼ਸ ਨੂੰ 20 ਫ਼ੀਸਦੀ ਤੋਂ ਘਟਾ ਕੇ 10 ਫ਼ੀਸਦੀ ਕਰ ਦਿੱਤਾ ਹੈ। ਇੱਕ ਰਿਪੋਰਟ ਮੁਤਾਬਿਕ ਇਸ ਕਦਮ ਨਾਲ ਭਾਰਤ ਨੂੰ ਹੁਣ ਤਕ ਜੋ ਮੁਕਾਬਲੇਬਾਜ਼ੀ ਵਾਲਾ ਲਾਭ ਮਿਲ ਰਿਹਾ ਸੀ, ਉਹ ਕਾਫ਼ੀ ਘੱਟ ਹੋ ਗਿਆ ਹੈ।

ਗੁਰੂ ਤੇਗ ਬਹਾਦਰ ਦੇ 350ਵੇਂ ਪੁਰਬ ਲਈ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਸੱਦਾ

ਬਾਬਾ ਬਕਾਲਾ: ਪੰਜਾਬ ਸਰਕਾਰ ਵਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੂਬਾ ਪੱਧਰੀ ਸਮਾਗਮਾਂ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਸਬੰਧੀ ਡੇਰਾ ਰਾਧਾ

ਸੁਆਮੀ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਨੂੰ ਸੱਦਾ ਪੱਤਰ ਦਿੱਤਾ।

ਇਸ ਮੌਕੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਉਹ ਇਨ੍ਹਾਂ ਸਮਾਗਮਾਂ ਦੌਰਾਨ 23 ਨਵੰਬਰ ਨੂੰ ਹੋਣ ਵਾਲੇ ਸਰਬ ਧਰਮ ਸੰਮੇਲਨ 'ਚ ਵੀ ਜ਼ਰੂਰ ਸ਼ਿਰਕਤ ਕਰਨ। ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਦੀਪਕ ਬਾਲੀ ਵਲੋਂ ਸਾਂਝੇ ਤੌਰ 'ਤੇ ਬਾਬਾ ਜੀ ਨੂੰ ਸੱਦਾ-ਪੱਤਰ ਦਿੱਤਾ ਗਿਆ।

ਸਾਪਤਾਹਿਕ ਰਾਸ਼ੀ ਫ਼ਲ

ਮੇਖ (21 ਮਾਰਚ ਤੋਂ 20 ਅਪ੍ਰੈਲ)
ਤੁਸੀਂ ਇਸ ਹਫ਼ਤੇ ਆਪਣੇ ਵਿਅਕਤੀਗਤ ਅਤੇ ਪੇਸ਼ਾਵਰ ਜੀਵਨ ਵਿੱਚ ਸੰਤੁਲਨ ਬਣਾਉਣ ਵਿੱਚ ਕਾਮਯਾਬ ਰਹੋਗੇ, ਪਰ ਇਹ ਤੁਹਾਡੇ ਲਈ ਕਾਫ਼ੀ ਔਖਾ ਵੀ ਹੋਵੇਗਾ ।ਅਜਿਹੇ ਵੀ ਕਈ ਚਾਂਸ ਹਨ ਕਿ ਤੁਸੀਂ ਦੋਸਤਾਂ ਦੇ ਨਾਲ ਆਪਣੀ ਯੋਜਨਾਵਾਂ ਵਿੱਚ ਬਦਲਾਓ ਕਰੋ ।ਇਸ ਹਫ਼ਤੇ ਤੁਸੀਂ ਕਿਸੇ ਲੰਮੀ ਟਰਿਪ ਉੱਤੇ ਵੀ ਜਾ ਸਕਦੇ ਹਨ ।ਕੁੱਝ ਕਠਿਨਾਈਆਂ ਤੁਹਾਨੂੰ ਤੰਗ ਕਰ ਸਕਦੀਆਂ ਹਨ ।

ਸਿੰਘ (23 ਜੁਲਾਈ ਤੋਂ 23 ਅਗਸਤ)
ਤੁਸੀਂ ਇਸ ਹਫ਼ਤੇ ਆਪਣੀ ਲਾਈਫ਼ ਵਿੱਚ ਸ਼ਾਂਤੀ ਬਣਾਈ ਰੱਖੋਗੇ ਅਤੇ ਕਿਸੇ ਵੀ ਕਾਰਜ ਨੂੰ ਵੱਡੇ ਹੀ ਵਿਸ਼ਵਾਸ ਨਾਲ ਕਰੋਗੇ ।ਜੇਕਰ ਕੰਮਾਂ ਵਿੱਚ ਜਲਦਬਾਜ਼ੀ ਦਿਖਾਓਗੇ ਤਾਂ ਸਮੱਸਿਆ ਪੈਦਾ ਹੋਣਗੀਆਂ ।ਇਸ ਘੜੀ ਲੋੜ ਪੈਣ ਉੱਤੇ ਫ਼ੈਮਿਲੀ ਵਲੋਂ ਸਹਾਇਤਾ ਪ੍ਰਾਪਤ ਹੋਵੇਗੀ ਹੀ, ਨਾਲ ਵਿੱਚ ਸਹੁਰਾ-ਪਰਿਵਾਰ ਵਾਲਿਆਂ ਵਲੋਂ ਵੀ ਚੰਗੇ ਸੰਬੰਧ ਬਣਨਗੇ । ਕਿਸੇ ਭਰੋਸੇਯੋਗ ਪਾਤਰ ਦੇ ਨਾਲ ਯਾਤਰਾ ਉੱਤੇ

ਧਨ (23 ਨਵੰਬਰ ਤੋਂ 23 ਦਸੰਬਰ)
ਤੁਹਾਨੂੰ ਪ੍ਰਤੀਯੋਗੀ ਪਰੀਖਿਆਵਾਂ ਅਤੇ ਕਾਨੂੰਨੀ ਮਸਲਿਆਂ ਵਿੱਚ ਮਦਦ ਮਿਲੇਗੀ ।ਭਾਵ ਇਹ ਹਫ਼ਤਾ ਤੁਹਾਡੇ ਲਈ ਕਮਾਲ ਦਾ ਰਹਿਣ ਵਾਲ ਹੈ ਕਿਉਂਕਿ ਇਸ ਹਫ਼ਤੇ ਸਾਰੇ ਕੰਮ ਤੁਹਾਡੇ ਹਿੱਤ ਵਿੱਚ ਹੋਣ ਵਾਲੇ ਹਨ ।ਉਥੇ ਹੀ ਕੰਮਾਂ ਨੂੰ ਲੈ ਕੇ ਤੁਸੀਂ ਘਰ ਤੋਂ ਦੂਰ ਵੀ ਰਹਿ ਸਕਦੇ ਹੋ ।ਮਾਤਾ ਜੀ ਦਾ ਅਸ਼ੀਰਵਾਦ ਤੁਹਾਡੇ ਹਮੇਸ਼ਾ ਨਾਲ ਰਹੇਗਾ, ਲੇਕਿਨ ਪਿਤਾ ਜੀ ਦੇ ਪ੍ਰਤੀ ਤੁਹਾਨੂੰ ਕੁੱਝ ਜ਼ਿਆਦਾ ਹੀ ਨਰਮ ਰਹਿਣ ਦੀ ਲੋੜ ਹੈ ।

ਬ੍ਰਿਖ (21 ਅਪ੍ਰੈਲ ਤੋਂ 21 ਮਈ)
ਇਸ ਹਫ਼ਤੇ ਤੁਹਾਡਾ ਆਰਥਿਕ ਜੀਵਨ ਸ਼ਾਨਦਾਰ ਰਹੇਗਾ ।ਇਸ ਹਫ਼ਤੇ ਤੁਸੀਂ ਹੈਰਾਨੀਜਨਕ ਮੁਨਾਫ਼ਾ ਹਾਸਲ ਕਰੋਗੇ , ਲੇਕਿਨ ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਆਪਣੇ ਜੀਵਨ ਨੂੰ ਸਿਹਤਮੰਦ ਬਣਾਈ ਰੱਖੋ ਕਿਉਂਕਿ ਮੌਸਮ ਤਬਦੀਲੀ ਨਾਲ ਹੋਣ ਵਾਲੀ ਬੀਮਾਰੀਆਂ ਤੁਹਾਨੂੰ ਆਪਣੀ ਜਦ ਵਿੱਚ ਲੈ ਸਕਦੀਆਂ ਹਨ , ਹਾਲਾਂ ਕਿ ਆਫ਼ਿਸ ਦਾ ਮਾਹੌਲ ਤੁਹਾਡੇ ਲਈ ਥੋੜ੍ਹਾ-ਜਿਹਾ ਚੁਣੌਤੀ ਭਰਪੂਰ ਰਹੇਗਾ ।

ਕੰਨਿਆ (24 ਅਗਸਤ ਤੋਂ 23 ਸਤੰਬਰ)
ਤੁਹਾਡੇ ਸਾਹਸ ਅਤੇ ਬੁੱਧੀਬਲ ਦੇ ਸਾਹਮਣੇ ਕੋਈ ਨਹੀਂ ਟਿਕ ਪਾਏਗਾ, ਹਾਲਾਂ ਕਿ ਫ਼ਿਰ ਵੀ ਤੁਹਾਨੂੰ ਚੇਤੰਨ ਰਹਿਣ ਦੀ ਲੋੜ ਹੈ ਕਿਉਂਕਿ ਕੋਈ ਤੁਹਾਨੂੰ ਚੋਟ ਪਹੁੰਚਾਉਣ ਦੀ ਫ਼ਿਰਾਕ ਵਿੱਚ ਹੈ । ਤੁਹਾਡੇ ਬੱਚਿਆਂ ਲਈ ਇਹ ਬਹੁਤ ਹੀ ਚੰਗੇਰੇ ਸਮਾਂ ਹੈ , ਨਿਸ਼ਚਿਤ ਹੀ ਉਨ੍ਹਾਂ ਨੂੰ ਤੁਹਾਨੂੰ ਚੰਗੀ ਖ਼ਬਰ ਮਿਲੇਗੀ ।ਪਰਿਵਾਰ ਦੇ ਨਾਲ ਤੁਸੀਂ ਬੇਹੱਦ ਸੁਨਹਿਰੇ ਪਲ ਇਸ ਹਫ਼ਤੇ ਗੁਜ਼ਾਰਨ ਵਾਲੇ ਹੋ ।

ਮਕਰ (24 ਦਸੰਬਰ ਤੋਂ 20 ਜਨਵਰੀ)
ਤੁਸੀਂ ਆਪਣੀ ਜੱਦੀ ਜਾਇਦਾਦ ਨੂੰ ਲੈ ਕੇ ਮੁਨਾਫ਼ਾ ਪ੍ਰਾਪਤ ਕਰੋਗੇ ਅਤੇ ਪਿਤਾ ਜੀ ਵਲੋਂ ਤੁਹਾਨੂੰ ਹਮੇਸ਼ਾ ਸਮਰਥਨ ਮਿਲਦਾ ਰਹੇਗਾ । ਉਥੇ ਹੀ ਪੂਰੇ ਹਫ਼ਤੇ ਸਿਹਤ ਵੀ ਠੀਕ ਰਹੇਗਾ ।ਕਿਸੇ ਨਵੇਂ ਵਪਾਰ ਅਤੇ ਨਿਵੇਸ਼ ਲਈ ਸਮਾਂ ਅਨੁਕੂਲ ਹੈ, ਜਦੋਂ ਤੁਹਾਡਾ ਸਮਾਂ ਤੁਹਾਡੇ ਲਈ ਬਿਹਤਰ ਹੋਵੇ ਤਾਂ ਬੇਵਜਾਹ ਦਾ ਤਨਾਓ ਆਪਣੇ ਉੱਤੇ ਨਾ ਲਵੋਂ ।ਉਸ ਨੂੰ ਨਜ਼ਰ-ਅੰਦਾਜ਼ ਕਰਨ ਵਿੱਚ ਹੀ ਫ਼ਾਇਦਾ ਹੈ ।

ਮਿਥੁਨ (22 ਮਈ ਤੋਂ 21 ਜੂਨ)
ਜੋ ਲੋਕ ਰਾਜਨੀਤੀ, ਸਾਮਾਜਕ ਅਤੇ ਮੀਡੀਆ ਖੇਤਰ ਨਾਲ ਤਅੱਲਕ ਰੱਖਦੇ ਹਨ ਉਨ੍ਹਾਂ ਨੂੰ ਪ੍ਰਸਿੱਧੀ ਅਤੇ ਲੋਕਪ੍ਰਿਅਤਾ ਇਸ ਹਫ਼ਤੇ ਜਰੂਰ ਮਿਲੇਗੀ, ਜਦੋਂ ਕਿ ਹੋਰਾਂ ਨੂੰ ਨਿਵੇਸ਼ ਦੇ ਮਾਮਲੇ ਸਾਵਧਾਨੀ ਬਰਤਣ ਦੀ ਲੋੜ ਹੈ ਕਿਉਂਕਿ ਉਨ੍ਹਾਂ ਦਾ ਕਿਸਮਤ ਜਰਾ ਕਮਜ਼ੋਰ ਸਾਬਤ ਹੋ ਰਹੀ ਹੈ ਉਥੇ ਹੀ ਸਿਹਤ ਨੂੰ ਲੈ ਕੇ ਕੋਈ ਵੀ ਕਸਰ ਨਹੀਂ ਵਰਤਣੀ । ਇਸਦੇ ਇਲਾਵਾ ਇਸ ਹਫ਼ਤੇ ਤੁਸੀਂ ਕਿਸੇ ਦੇ ਵੱਲ ਆਕਰਸ਼ਿਤ ਹੋ ਸਕਦੇ ਹੋ ।

ਤੁਲਾ (24 ਸਤੰਬਰ ਤੋਂ 23 ਅਕਤੂਬਰ)
ਭਵਿਖਬਾਣੀ ਦੇ ਅਨੁਸਾਰ ਇਸ ਹਫ਼ਤੇ ਤੁਹਾਡੀ ਪੇਸ਼ਾਵਰ ਲਾਈਫ਼ ਕਮਾਲ ਦੀ ਰਹਿਣ ਵਾਲੀ ਹੈ । ਨੌਕਰੀ ਵਿੱਚ ਚੰਗੀ ਕਾਰਗੁਜ਼ਾਰੀ ਕਾਰਨ ਤੁਸੀਂ ਕਿਤੇ ਚੰਗੀ ਜਗ੍ਹਾ ਬਦਲਿਆ ਜਾ ਸਕਦਾ ਹੈ । ਨਾਲ ਹੀ ਤੁਹਾਡੇ ਪਾਰਟਨਰ ਦੀ ਵੀ ਉਨਤੀ ਹੋ ਸਕਦੀ ਹੈ। ਹਾਲਾਂ ਕਿ ਕੁੱਝ ਲੋਕ ਤੁਹਾਡੀਆਂ ਕਾਮਯਾਬੀਆਂ ਦੀ ਵਜ੍ਹਾ ਕਾਰਨ ਸੜ ਮਚ ਸਕਦੇ ਹਨ, ਲੇਕਿਨ ਕੁੱਝ ਲੋਕਾਂ ਲਈ ਚੀਜ਼ਾਂ ਸ਼ਾਨਦਾਰ ਰਹਿਣ ਵਾਲੀਆਂ ਹਨ ।

ਕੁੰਭ (21 ਜਨਵਰੀ ਤੋਂ 19 ਫ਼ਰਵਰੀ)
ਨਵਜਾਤ ਬੱਚੀ ਦੇ ਰੂਪ ਵਿੱਚ ਇਸ ਹਫ਼ਤੇ ਤੁਹਾਨੂੰ ਰੱਬ ਦਾ ਅਸ਼ੀਰਵਾਦ ਮਿਲ ਸਕਦਾ ਹੈ । ਉਥੇ ਹੀ ਜੋ ਲੋਕ ਆਪਣੇ ਮਾਤਾ - ਪਿਤਾ ਤੋਂ ਦੂਰ ਹਨ ਉਹ ਉਨ੍ਹਾਂ ਨੂੰ ਮਿਲਣ ਲਈ ਘਰ ਜਾ ਸਕਦੇ ਹਨ ਅਤੇ ਜੋ ਵਿਦਿਆਰਥੀ ਕਿਸੇ ਪ੍ਰਤੀਯੋਗੀ ਪਰੀਖਿਆ ਦੀ ਤਿਆਰੀ ਕਰ ਰਹੇ ਹਨ ਉਨ੍ਹਾਂ ਨੂੰ ਥੋੜ੍ਹੀ ਕੜੀ ਮਿਹਨਤ ਕਰਨ ਦੀ ਲੋੜ ਹੈ ।ਧਿਆਨ ਰੱਖੋ , ਸਿਹਤ ਹੀ ਪੈਸਾ ਹੈ ਅਤੇ ਇਸ ਪੈਸਾ ਦੀ ਦੇਖ ਭਾਲ ਕਰਨਾ ਤੁਹਾਡਾ ਫ਼ਰਜ਼ ਹੈ ।

ਕਰਕ (22 ਜੂਨ ਤੋਂ 22 ਜੁਲਾਈ)
ਇਸ ਹਫ਼ਤੇ ਤੁਹਾਡੇ ਘਰ - ਪਰਿਵਾਰ ਵਿੱਚ ਕਿਸੀ ਮੰਗਲ ਕਾਰਜ ਦੇ ਹੋਣ ਦੀ ਸੰਭਾਵਨਾ ਹੈ ।ਤੁਸੀਂ ਕਿਸੇ ਤੀਰਥ ਯਾਤਰਾ ਜਾਂ ਹੋਰ ਧਾਰਮਿਕ ਸਥਾਨ ਉੱਤੇ ਜਾ ਸਕਦੇ ਹੋ । ਉਥੇ ਹੀ ਇਸ ਹਫ਼ਤੇ ਤੁਹਾਨੂੰ ਕਿਸਮਤ ਦਾ ਲਾਭ ਮਿਲੇਗਾ । ਚੀਜ਼ਾਂ ਤੁਹਾਡੇ ਅਨੁਸਾਰ ਚਲਣਗੀਆਂ ।ਇਸ ਹਫ਼ਤੇ ਤੁਹਾਡੀ ਰੈਪੂਟੇਸ਼ਨ ਵਿੱਚ ਇਜਾਫ਼ਾ ਹੋਵੇਗਾ ਅਤੇ ਲੋਕ ਤੁਹਾਡੇ ਨਾਲ ਇੰਜਵਾਏ ਕਰਨਗੇ ।

ਬ੍ਰਿਸ਼ਚਕ (24 ਅਕਤੂਬਰ ਤੋਂ 22ਨਵੰਬਰ)
ਇਹ ਹਫ਼ਤੇ ਤੁਹਾਡੇ ਲਈ ਥੋੜ੍ਹਾ ਭੱਜ ਦੌੜ ਭਰਿਆ ਰਹਿ ਸਕਦਾ ਹੈ । ਉੱਧਰ, ਆਫ਼ਿਸ ਵਿੱਚ ਤੁਹਾਡੇ ਸਹਿਕਰਮੀ ਅਤੇ ਖਾਸ ਕਰ ਸੀਨੀਅਰ ਤੁਹਾਡੇ ਕਾਰਜ ਵਲੋਂ ਖ਼ੁਸ਼ ਹੋਣਗੇ । ਆਤਮਵਿਸ਼ਵਾਸ ਹੋਣ ਕਾਰਨਾਂ ਤੁਸੀਂ ਕਿਸੇ ਨੂੰ ਵੀ ਮਾਤ ਦੇਣ ਵਿੱਚ ਸਮਰਥ ਹੋ ਸਕਦੇ ਹੋ । ਇੱਥੋਂ ਤਕ ਕਿ ਲੋਕ ਤੁਹਾਡੀ ਸਫ਼ਲਤਾ ਲਈ ਤੁਸੀਂ ਉੱਤੇ ਮਾਣ ਕਰਨਗੇ ।ਬਸ ਤੁਹਾਨੂੰ ਇਹ ਧਿਆਨ ਰੱਖਣਾ ਹੈ ਕਿ ਕਿਸੇ ਅਪਰਾਧੀ ਪ੍ਰਵ੍ਰਿਤੀ ਦੇ ਕੰਮ ਵਿੱਚ ਆਪਣੇ ਆਪ ਨੂੰ ਸ਼ਾਮਲ ਨਾ ਕਰੋ ।

ਮੀਨ (20 ਫ਼ਰਵਰੀ ਤੋਂ 20 ਮਾਰਚ)
ਬੱਚੇ ਦੇ ਰਿਸ਼ਤੇ ਨੂੰ ਲੈ ਕੇ ਤੁਹਾਡੀ ਪ੍ਰੇਸ਼ਾਨੀ ਹੁਣ ਦੂਰ ਹੋਣ ਜਾ ਰਹੀ ਹੈ, ਇੱਕ ਚੰਗਾ ਰਿਸ਼ਤਾ ਤੁਹਾਡੇ ਬੱਚੇ ਵਾਸਤੇ ਮਿਲਣ ਜਾ ਰਿਹਾ ਹੈ, ਜਿਸ ਨਾਲ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਬਣੇਗਾ। ਕਿਸੇ ਧਾਰਮਿਕ ਜਗ੍ਹਾ 'ਤੇ ਜਾਣ ਦਾ ਪ੍ਰੋਗਰਾਮ ਬਣੇਗਾ ਜਾਂ ਘਰ ਵਿੱਚ ਹੀ ਕੋਈ ਧਾਰਮਿਕ ਕੰਮ ਹੋਵੇਗਾ। ਜ਼ਮੀਨੀ ਵਿਵਾਦ ਬਾਰੇ ਅਦਾਲਤੀ ਕੇਸ ਅਜੇ ਲੰਬਾ ਚੱਲੇਗਾ।

ਸਸਤੀ ਟਿਕਟਾਂ ਲਈ 604-504-3400
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਬੈੱਡ ਬੱਗਜ਼ ਖ਼ਤਮ 604-999-7378
ਸਸਤੀ ਟਿਕਟਾਂ ਲਈ 604-504-3400

ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਡਾਲਰ ਦਾ ਵਧੀਆ ਰੇਟ? 778-246-2500
ਸਸਤਾ ਹਵਾਈ ਸਫ਼ਰ 604-217-4114
ਵਿਜ਼ਟਰ ਇੰਸ਼ੋਰੈਂਸ 778-317-6262
ਸਸਤਾ ਹਵਾਈ ਸਫ਼ਰ 604-217-4114
ਮਰਦਾਨਾ ਕਮਜ਼ੋਰੀ 416-992-5489
KEY CUTTING AND PROGRAMMING 236-999-7980
ਸਸਤਾ ਹਵਾਈ ਸਫ਼ਰ 604-217-4114

ਸਾਡੇ ਦੇਸ਼ 'ਚ ਹੈ ਨਹੀਂ ਸੋ ਬਾਹਰੋਂ ਲਿਆਉਣਾ ਪਏਗਾ ਟੈਲੈਂਟ - Trump

ਨਿਊ ਯੌਰਕ: ਅਮਰੀਕਾ ਦੇ ਸਾਬਕਾ ਰਾਸ਼ਟਰਪਤੀ **Donald Trump** ਨੇ **H-1B** ਵੀਜ਼ਾ ਪ੍ਰੋਗਰਾਮ ਦਾ ਬਚਾਅ ਕੀਤਾ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਅਮਰੀਕਾ ਨੂੰ ਦੁਨੀਆਂ ਭਰ ਤੋਂ ਟੈਲੈਂਟ ਲਿਆਉਣਾ ਪਵੇਗਾ ਕਿਉਂਕਿ ਦੇਸ਼ ਕੋਲ ਕੁੱਝ ਖ਼ਾਸ ਟੈਲੈਂਟ ਦੀ ਕਮੀ ਹੈ। **Trump** ਨੇ ਇਹ ਟਿੱਪਣੀ ਇੱਕ ਨਿਊਜ਼ ਚੈਨਲ 'ਤੇ ਇੱਕ ਇੰਟਰਵਿਊ ਦੌਰਾਨ ਕੀਤੀ। ਜਦੋਂ ਉਨ੍ਹਾਂ ਨੂੰ ਸਵਾਲ ਗਿਆ ਕੀਤਾ ਕਿ ਜੇ ਕਿਸੇ ਦਾ ਮਕਸਦ ਅਮਰੀਕੀ ਕਾਮਿਆਂ ਦੀ ਤਨਖ਼ਾਹ ਵਧਾਉਣਾ ਹੈ ਤਾਂ ਲੱਖਾਂ ਵਿਦੇਸ਼ੀ ਕਾਮਿਆਂ ਨੂੰ ਦੇਸ਼ 'ਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਸ ਦੇ ਜਵਾਬ 'ਚ **Trump** ਨੇ ਕਿਹਾ, ਮੈਂ ਸਹਿਮਤ ਹਾਂ, ਪਰ ਤੁਹਾਨੂੰ ਟੈਲੈਂਟ ਨੂੰ ਵੀ ਲਿਆਉਣਾ ਪਵੇਗਾ।"

ਘਰੇਲੂ ਟੈਲੈਂਟ ਦੀ ਕਮੀ ਦਾ ਹਵਾਲਾ: ਜਦੋਂ ਪੱਤਕਾਰ ਨੇ ਕਿਹਾ ਕਿ ਅਮਰੀਕਾ ਕੋਲ ਬਹੁਤ ਟੈਲੈਂਟ ਹੈ ਤਾਂ ਟਰੰਪ ਨੇ ਇਸ ਗੱਲ ਨਾਲ ਅਸਹਿਮਤੀ ਪ੍ਰਗਟਾਈ। ਟਰੰਪ ਨੇ ਕਿਹਾ ਕਿ ਤੁਸੀਂ ਲੋਕਾਂ ਨੂੰ ਬੇਰੁਜ਼ਗਾਰੀ ਦੀ ਕਤਾਰ 'ਚੋਂ ਹਟਾ ਕੇ ਇਹ ਨਹੀਂ ਕਹਿ ਸਕਦੇ ਕਿ ਮੈਂ ਤੁਹਾਨੂੰ ਇੱਕ ਅਜਿਹੇ ਕਾਰਖਾਨੇ 'ਚ ਲਗਾ ਦਿਆਂਗਾ ਜਿੱਥੇ ਤੁਸੀਂ ਮਿਜ਼ਾਈਲਾਂ ਬਣਾਓਗੇ। ਉਨ੍ਹਾਂ ਦੇ ਉਦਾਹਰਣ ਦਿੰਦੇ ਹੋਏ ਕਿਹਾ ਕਿ ਜੌਰਜੀਆ

'ਚ ਬੈਟਰੀ ਬਣਾਉਣ ਵਾਲੇ ਕਈ ਦੱਖਣੀ ਕੋਰੀਆਈ ਕਾਮਿਆਂ ਨੂੰ ਹ

ਸਸਤਾ ਹਵਾਈ ਸਫ਼ਰ 604-217-4114
12 Beds, 7 Baths For 24 Guests 905-965-4644
KEY CUTTING AND PROGRAMMING 236-999-7980
ਡਾਲਰ ਦਾ ਵਧੀਆ ਰੇਟ? 778-246-2500
12 Beds, 7 Baths For 24 Guests 905-965-4644
ਬੈੱਡ ਬੱਗਜ਼ ਖ਼ਤਮ 604-999-7378
ਮਰਦਾਨਾ ਕਮਜ਼ੋਰੀ 416-992-5489
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222

Bacteria ਬਣੇਗਾ Cancer ਦੇ ਇਲਾਜ 'ਚ ਹਥਿਆਰ

ਜੇ ਕੋਈ ਤੁਹਾਨੂੰ ਕਹੇ ਕਿ ਸ਼ਰੀਰ 'ਚ ਬਾਹਰੋਂ ਬੈਕਟੀਰੀਆ (Bacteria) ਦਾਖ਼ਲ ਕੀਤੇ ਜਾਣਗੇ ਤਾਂ ਸ਼ਾਇਦ ਹਰ ਕੋਈ ਡਰ ਜਾਵੇ। Bacteria ਦਾ ਨਾਮ ਸੁਣਦੇ ਹੀ ਮਨ 'ਚ ਨਿਊਮੋਨੀਆ, ਹੈਜ਼ੇ ਵਰਗੀਆਂ ਬੀਮਾਰੀਆਂ ਯਾਦ ਆ ਜਾਂਦੀਆਂ ਹਨ, ਪਰ ਹੁਣ ਵਿਗਿਆਨੀ ਇਨ੍ਹਾਂ Bacteria ਨੂੰ Cancer ਦੇ ਇਲਾਜ ਲਈ ਇੱਕ ਹਥਿਆਰ ਵਜੋਂ ਤਿਆਰ ਕਰ ਰਹੇ ਹਨ।

ਬੈਕਟੀਰੀਆ ਬਣ ਸਕਦੇ ਹਨ ਜਿਊਂਦੀ-ਜਾਗਦੀ ਮਸ਼ੀਨ: ਵਿਗਿਆਨੀਆਂ ਦਾ ਕਹਿਣਾ ਹੈ ਕਿ ਜਲਦੀ ਹੀ ਉਹ Bacteria ਨੂੰ ਇਸ ਤਰ੍ਹਾਂ ਕੰਟਰੋਲ ਕਰਨ 'ਚ ਕਾਮਯਾਬ ਹੋ ਜਾਣਗੇ ਕਿ ਸ਼ਰੀਰ 'ਚ ਜਾਣ ਤੋਂ ਬਾਅਦ ਇਹ Bacteria ਕੈਂਸਰ ਵਾਲੀਆਂ ਕੋਸ਼ਿਕਾਵਾਂ ਨੂੰ ਖੋਜ ਕੇ ਨਸ਼ਟ ਕਰਨਗੇ। ਖ਼ਾਸ ਗੱਲ ਇਹ ਹੈ ਕਿ Bacteria ਆਪਣਾ ਕੰਮ ਪੂਰਾ ਕਰਨ ਤੋਂ ਬਾਅਦ ਸ਼ਰੀਰ 'ਚ ਕੋਈ ਹੋਰ ਨੁਕਸਾਨ ਕੀਤੇ ਬਿਨਾਂ ਖ਼ਤਮ ਹੋ ਜਾਣਗੇ।

ਵਿਗਿਆਨਕ ਖੋਜਾਂ ਦਾ ਆਧਾਰ: ਇਹ ਜਾਣਕਾਰੀ ਵੈੱਬਸਾਈਟ The Conversation 'ਤੇ ਜੋਜ਼ੇਫ਼ਿਨ ਰਾਈਟ ਅਤੇ ਸੂਜ਼ਨ ਵੂਡਜ਼ ਵਲੋਂ ਪ੍ਰਕਾਸ਼ਿਤ ਇੱਕ ਖੋਜ ਰਿਪੋਰਟ 'ਚ ਦਿੱਤੀ ਗਈ ਹੈ। ਦੋਵੇਂ ਵਿਗਿਆਨੀ ਆਸਟਰੇਲੀਆ ਦੇ ਸਾਊਥ ਆਸਟਰੇਲੀਆਨ ਹੈੱਲਥ ਐਂਡ ਮੈਡੀਕਲ ਰੀਸਰਚ ਇੰਸਟੀਟਿਊਟ ਨਾਲ ਜੁੜੇ ਹਨ ਅਤੇ Cancer 'ਤੇ ਦਵਾਈ ਸੰਬੰਧੀ ਅਧਿਐਨ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕਈ ਕਿਸਮਾਂ ਦੇ ਟਿਊਮਰ (ਗੰਢਾਂ) ਦਾ ਇਲਾਜ ਬਹੁਤ ਮੁਸ਼ਕਿਲ ਹੁੰਦਾ ਹੈ। ਕਈ ਵਾਰ Cancer ਦੇ ਇਲਾਜ ਤੋਂ ਬਾਅਦ ਵੀ ਉਹ ਮੁੜ ਉੱਭਰ ਆਉਂਦਾ ਹੈ ਕਿਉਂਕਿ ਸ਼ਰੀਰ ਦੀ ਰੋਗ-ਪ੍ਰਤੀਰੋਧਕ ਪ੍ਰਣਾਲੀ (Immune System) ਅਤੇ Cancer ਵਿਚਕਾਰ ਇੱਕ ਲੰਬੀ ਲੜਾਈ ਚੱਲਦੀ ਰਹਿੰਦੀ ਹੈ।

ਬੈਕਟੀਰੀਆ ਨਾਲ ਹੋ ਸਕਦੀ ਹੈ ਵੱਡੀ ਉਮੀਦ: ਵਿਗਿਆਨੀਆਂ ਨੇ ਖ਼ੁਲਾਸਾ ਕੀਤਾ ਕਿ ਲਗਭਗ 100 ਸਾਲ ਪਹਿਲਾਂ ਕੁੱਝ ਡਾਕਟਰਾਂ ਨੇ ਵੇਖਿਆ ਸੀ ਕਿ ਜਿਹੜੇ ਕੈਂਸਰ ਮਰੀਜ਼ ਕਿਸੇ Cancer ਤੋਂ ਸੰਕਰਮਿਤ ਹੋ ਗਏ ਸਨ, ਉਨ੍ਹਾਂ 'ਚ Cancer ਦੇ ਲੱਛਣ ਅਚਾਨਕ ਘਟ ਜਾਂ ਗ਼ਾਇਬ ਹੋ ਗਏ। ਹੁਣ ਆਧੁਨਿਕ ਵਿਗਿਆਨ ਨੇ ਇਸ ਦੀ ਵਿਗਿਆਨਕ ਵਜ੍ਹਾ ਖੋਜ ਲਈ ਹੈ – ਬੈਕਟੀਰੀਆ ਸ਼ਰੀਰ ਦੀ ਰੋਗ-ਪ੍ਰਤੀਰੋਧਕ ਪ੍ਰਣਾਲੀ ਨੂੰ ਸਰਗਰਮ ਕਰ ਦਿੰਦੇ ਹਨ ਜੋ ਫ਼ਿਰ ਕੈਂਸਰ ਕੋਸ਼ਿਕਾਵਾਂ 'ਤੇ ਹਮਲਾ ਕਰਦੀ ਹੈ।



ਕੈਂਸਰ ਕੋਸ਼ਿਕਾਵਾਂ 'ਚ ਹੀ ਜਿਊਂਦੇ ਹਨ ਇਹ ਬੈਕਟੀਰੀਆ: ਕੁੱਝ Bacteria ਸਿਰਫ਼ Cancerous ਗੰਢਾਂ ਦੇ ਅੰਦਰ ਹੀ ਵਿਕਸਿਤ ਹੁੰਦੇ ਹਨ, ਪਰ ਸਿਹਤਮੰਦ ਟਿਸ਼ੂਜ਼ 'ਚ ਨਹੀਂ। ਇਸ ਦਾ ਕਾਰਣ ਹੈ ਕਿ ਇਹ Bacteria ਆਪਣੀ ਖ਼ੁਰਾਕ ਮਰੀ ਹੋਈ ਕੈਂਸਰ ਕੋਸ਼ਿਕਾਵਾਂ ਜਾਂ Cells ਤੋਂ ਲੈਂਦੇ ਹਨ। ਉਨ੍ਹਾਂ ਦੀ ਇਹ ਵਿਸ਼ੇਸ਼ਤਾ ਹੀ ਉਨ੍ਹਾਂ ਨੂੰ Cancer ਇਲਾਜ ਦੇ ਹਥਿਆਰ ਵਜੋਂ ਵਰਤਣ ਦਾ ਆਧਾਰ ਬਣਾਉਂਦੀ ਹੈ।

ਦੁਨੀਆਂ ਭਰ 'ਚ ਵੱਧ ਰਿਹਾ ਰੁਝਾਨ: ਪਿਛਲੇ 30 ਸਾਲਾਂ 'ਚ ਇਸ ਵਿਸ਼ੇ 'ਤੇ 500 ਤੋਂ ਵੱਧ ਸੋਧ ਪੱਤਰ ਆ ਚੁੱਕੇ ਹਨ ਅਤੇ 70 ਕਲਿਨਿਕਲ ਟ੍ਰਾਇਲ ਹੋ ਚੁੱਕੇ ਹਨ। ਦੁਨੀਆਂ ਭਰ ਦੀਆਂ 24 ਸਟਾਰਟਅੱਪ ਕੰਪਨੀਆਂ ਇਸ ਬੈਕਟੀਰੀਆ-ਆਧਾਰਿਤ Cancer ਥੈਰੇਪੀ 'ਤੇ ਕੰਮ ਕਰ ਰਹੀਆਂ ਹਨ। ਹਾਲਾਂਕਿ ਇਹ ਕਹਿਣਾ ਅਜੇ ਜਲਦੀ ਹੋਵੇਗਾ ਕਿ ਇਹ ਥੈਰੇਪੀ ਪੂਰੀ ਤਰ੍ਹਾਂ ਕਾਮਯਾਬ ਹੋਵੇਗੀ ਕਿ ਨਹੀਂ, ਪਰ ਪਿਛਲੇ ਪੰਜ ਸਾਲਾਂ 'ਚ ਇਸ ਖੇਤਰ 'ਚ ਰੁਚੀ ਕਾਫ਼ੀ ਵਧੀ ਹੈ।

ਜੇਕਰ ਤੁਸੀਂ ਆਪਣੀ ਸਿਹਤ ਸਬੰਧੀ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਿਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ 'ਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ, ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖ਼ਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ **ਇੰਦਰੀ ਵਰਧਕ ਨੁਸਖ਼ਾ** ਚਾਹੀਦਾ ਹੋਵੇ ਤਾਂ ਉਹ **ਸਾਡੇ ਕੋਲੋਂ 150 ਡਾਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣਾ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ**। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ **ਅੱਜ ਹੀ ਖ਼ਾਨਦਾਨੀ ਹਕੀਮ KSB ਨਾਲ 1-416-992-5489 'ਤੇ ਸੰਪਰਕ ਕਰੋ** ਜਾਂ ਇਸ ਅਖ਼ਬਾਰ 'ਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

herbalremedies.ca

ਹਰ ਸਾਲ 15 ਲੱਖ ਲੋਕਾਂ ਦੀ ਜਾਨ ਲੈਂਦੈ Kidney ਰੋਗ

ਦੁਨੀਆਂ ਭਰ 'ਚ ਗੰਭੀਰ ਗੁਰਦਾ ਰੋਗ (Chronic Kidney Disease - 3F4) ਤੇਜ਼ੀ ਨਾਲ ਵੱਧ ਰਿਹਾ ਹੈ, ਅਤੇ ਇੱਕ ਨਵੇਂ ਵਿਸ਼ਵ ਪੱਧਰੀ ਅਧਿਐਨ ਅਨੁਸਾਰ ਭਾਰਤ 2023 'ਚ ਇਸ ਬੀਮਾਰੀ ਨਾਲ ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ ਦੇ ਮਾਮਲੇ 'ਚ ਚੀਨ ਤੋਂ ਬਾਅਦ ਦੂਜੇ ਸਥਾਨ 'ਤੇ ਰਿਹਾ। ਦਾ ਲੈਂਸੈਟ ਜਰਨਲ 'ਚ ਪ੍ਰਕਾਸ਼ਿਤ ਇਸ ਅਧਿਐਨ ਮੁਤਾਬਿਕ ਭਾਰਤ 'ਚ 2023 'ਚ 13.8 ਕਰੋੜ ਲੋਕ ਗੰਭੀਰ ਗੁਰਦਾ ਰੋਗ ਨਾਲ ਪੀੜਤ ਸਨ ਜਦ ਕਿ ਚੀਨ 'ਚ ਇਹ ਗਿਣਤੀ 15.2 ਕਰੋੜ ਤਕ ਪਹੁੰਚ ਚੁੱਕੀ ਹੈ ਇਹ ਖੋਜ ਅਮਰੀਕਾ ਦੇ ਵਾਸ਼ਿੰਗਟਨ ਯੂਨੀਵਰਸਿਟੀ ਦੇ ਇੰਸਟੀਚਿਊਟ ਫ਼ੌਰ ਹੈੱਲਥ ਮੈਟਰਿਕਸ ਐਂਡ ਇਵੈਲੂਏਸ਼ਨ ਅਤੇ ਅਮਰੀਕਾ ਤੇ ਬ੍ਰਿਟੇਨ ਦੇ ਹੋਰ ਸੰਸਥਾਨਾਂ ਵਲੋਂ ਮਿਲ ਕੇ ਕੀਤੀ ਗਈ।

ਅਧਿਐਨ 'ਚ ਦਰਸਾਇਆ ਗਿਆ ਕਿ ਗੰਭੀਰ ਗੁਰਦਾ ਰੋਗ ਦੁਨੀਆਂ ਭਰ 'ਚ ਮੌਤ ਦਾ ਨੌਵਾਂ ਸਭ ਤੋਂ ਵੱਡਾ ਕਾਰਣ ਬਣ ਚੁੱਕਾ ਹੈ। ਸਿਰਫ਼ 2023 'ਚ ਹੀ ਇਸ ਕਾਰਨ ਲਗਭਗ 15 ਲੱਖ ਲੋਕਾਂ ਦੀ ਮੌਤ ਹੋਈ। ਉੱਤਰੀ ਅਫ਼ਰੀਕਾ ਅਤੇ ਪੱਛਮੀ ਏਸ਼ੀਆ 'ਚ ਇਸ ਬੀਮਾਰੀ ਦਾ ਪ੍ਰਸਾਰ ਸਭ ਤੋਂ ਵੱਧ 18 ਫ਼ੀਸਦੀ ਤਕ, ਦੱਖਣੀ ਏਸ਼ੀਆ 'ਚ ਤਕਰੀਬਨ 16 ਫ਼ੀਸਦੀ ਅਤੇ ਉਪ-ਸਹਾਰਾ ਅਫ਼ਰੀਕਾ, ਲੈਟਿਨ ਅਮੈਰੀਕਾ ਅਤੇ ਕੈਰੇਬੀਆਈ ਦੇਸ਼ਾਂ 'ਚ 15 ਫ਼ੀਸਦੀ ਤੋਂ ਵੱਧ ਰਿਹਾ।

ਵਿਗਿਆਨੀਆਂ ਨੇ ਕਿਹਾ ਕਿ ਗੰਭੀਰ ਗੁਰਦਾ ਰੋਗ ਦਿਲ ਦੀਆਂ ਬੀਮਾਰੀਆਂ ਦਾ ਵੀ ਮੁੱਖ ਕਾਰਨ ਹੈ, ਅਤੇ 2023 'ਚ ਦੁਨੀਆਂ ਭਰ 'ਚ ਹੋਈਆਂ ਦਿਲ ਸਬੰਧੀ ਮੌਤਾਂ 'ਚੋਂ ਲਗਭਗ 12 ਫ਼ੀਸਦੀ ਮਾਮਲੇ ਗੁਰਦਾ ਰੋਗ ਨਾਲ ਸੰਬੰਧਿਤ ਸਨ। ਇਹ ਮੌਤਾਂ ਦੀ ਗਿਣਤੀ ਮਧੂਮੇਹ (ਸ਼ੂਗਰ) ਅਤੇ ਮੋਟਾਪੇ ਨਾਲ ਜੁੜੀਆਂ ਦਿਲ ਦੀਆਂ ਬੀਮਾਰੀਆਂ ਨਾਲੋਂ ਵੱਧ ਪਾਈ ਗਈ। ਅਧਿਐਨ 'ਚ 14 ਮੁੱਖ ਜ਼ੋਖ਼ਮ ਦੇ ਕਾਰਕਾਂ ਦੀ ਵੀ ਪਹਿਚਾਣ ਕੀਤੀ ਗਈ ਜਿਨ੍ਹਾਂ 'ਚ ਸ਼ੂਗਰ, ਬਲੱਡ ਪ੍ਰੈਸ਼ਰ ਅਤੇ ਮੋਟਾਪਾ ਸਭ ਤੋਂ ਵੱਡੇ ਕਾਰਕ ਹਨ। ਵਿਗਿਆਨੀਆਂ ਨੇ ਇਹ ਵੀ ਦਰਸਾਇਆ ਕਿ ਫ਼ਲਾਂ ਅਤੇ ਸਬਜ਼ੀਆਂ ਦਾ ਘੱਟ ਸੇਵਨ ਅਤੇ ਸੋਡੀਅਮ (ਲੂਣ) ਦਾ ਵੱਧ ਸੇਵਨ ਵੀ ਗੁਰਦਾ ਰੋਗ ਦੇ ਖ਼ਤਰੇ ਨੂੰ ਵਧਾਉਂਦੇ ਹਨ। ਇਹ ਵਿਸ਼ਲੇਸ਼ਣ 'ਗਲੋਬਲ ਬਰਡਨ ਔਫ਼ ਡੀਜ਼ੀਜ਼ (724) 2023 'ਅਧਿਐਨ ਦੇ ਡੇਟਾ 'ਤੇ ਆਧਾਰਿਤ ਹੈ ਜਿਸ 'ਚ 1990 ਤੋਂ 2023 ਤਕ 204 ਦੇਸ਼ਾਂ 'ਚ ਬੀਮਾਰੀਆਂ ਅਤੇ ਸਿਹਤ ਜ਼ੋਖ਼ਮਾਂ ਦੇ ਰੁਝਾਨਾਂ ਦਾ ਅਧਿਐਨ ਕੀਤਾ ਗਿਆ।

ਜੇਕਰ ਤੁਸੀਂ ਆਪਣੀ ਸਿਹਤ ਸਬੰਧੀ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਿਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ 'ਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ, ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖ਼ਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ **ਇੰਦਰੀ ਵਰਧਕ ਨੁਸਖ਼ਾ** ਚਾਹੀਦਾ ਹੋਵੇ ਤਾਂ ਉਹ **ਸਾਡੇ ਕੋਲੋਂ 150 ਡਾਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣਾ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ**। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ **ਅੱਜ ਹੀ ਖ਼ਾਨਦਾਨੀ ਹਕੀਮ KSB ਨਾਲ 1-416-992-5489 'ਤੇ ਸੰਪਰਕ ਕਰੋ** ਜਾਂ ਇਸ ਅਖ਼ਬਾਰ 'ਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

herbalremedies.ca

ਮਰਦਾਨਾ ਕਮਜ਼ੋਰੀ 416-992-5489
ਸਸਤਾ ਹਵਾਈ ਸਫ਼ਰ 604-217-4114
ਵਿਜ਼ਟਰ ਇੰਸ਼ੋਰੈਂਸ 778-317-6262
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਸਸਤਾ ਹਵਾਈ ਸਫ਼ਰ 604-217-4114
12 Beds, 7 Baths For 24 Guests 905-965-4644
ਬੈੱਡ ਬੱਗਜ਼ ਖ਼ਤਮ 604-999-7378
ਸਸਤੀ ਟਿਕਟਾਂ ਲਈ 604-504-3400

ਪੰਜਾਬਣ ਨੇ ਲਗਾਤਾਰ ਤੀਜੀ ਵਾਰ ਸਿਟੀ ਕੌਂਸਲ ਦੀ ਜਿੱਤੀ ਚੋਣ

ਸਿਐਟਲ: US 'ਚ ਹੋਈਆਂ ਚੋਣਾਂ 'ਚ ਸਿਐਟਲ ਦੇ ਕੈਂਟ ਸਿਟੀ ਕੌਂਸਲ ਚੋਣਾਂ 'ਚ ਪੰਜਾਬੀ ਮੂਲ ਲੜਕੀ ਸਤਵਿੰਦਰ ਕੌਰ ਧਾਲੀਵਾਲ ਨੇ ਲਗਾਤਾਰ ਤੀਜੀ ਵਾਰ ਜਿੱਤ ਦਰਜ ਕੀਤੀ ਹੈ। ਸਤਵਿੰਦਰ ਕੌਰ ਨੇ ਆਪਣੀ ਵਿਰੋਧੀ ਪੰਜਾਬੀ ਉਮੀਦਵਾਰ ਨਿਤ ਗਰੇਵਾਲ ਨੂੰ ਹਰਾਇਆ। ਸਤਵਿੰਦਰ ਕੌਰ ਨੂੰ ਕੁੱਲ 62 ਫ਼ੀਸਦੀ ਵੋਟਾਂ ਹਾਸਿਲ ਹੋਈਆਂ। ਪੰਜਾਬੀਆਂ ਦੇ ਸੰਘਣੀ ਆਬਾਦੀ ਵਾਲੇ ਇਸ ਸ਼ਹਿਰ 'ਚ ਸਤਵਿੰਦਰ ਕੌਰ ਨੇ ਪਿਛਲੇ ਅੱਠ ਸਾਲਾਂ ਤੋਂ ਬਹੁਤ ਮਿਹਨਤ ਕੀਤੀ ਹੈ, ਅਤੇ ਭਾਰਤੀਆਂ ਦੇ ਨਾਲ-ਨਾਲ ਬਾਕੀ ਭਾਈਚਾਰਿਆਂ 'ਚ ਆਪਣੀ

ਵਿਲੱਖਣ ਪਹਿਚਾਣ ਬਣਾਈ ਹੈ। ਸਤਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਸਮੁੱਚੇ ਪੰਜਾਬੀ ਭਾਈਚਾਰੇ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਉਹ ਕੈਂਟ ਸਿਟੀ ਲਈ ਪਹਿਲਾਂ ਵਾਂਗ ਹੀ ਦਿਨ-ਰਾਤ ਇੱਕ ਕੰਮ ਕਰੇਗੀ।ਉਨ੍ਹਾਂ ਵੋਟਾਂ ਵੇਲੇ ਉਨ੍ਹਾਂ ਦੀ ਸਹਾਇਤਾ ਕਰਨ ਲਈ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਦੇ ਪਿਤਾ ਜਗਦੇਵ ਸਿੰਘ ਕੋਚ ਧਾਲੀਵਾਲ ਅਤੇ ਸਤਵਿੰਦਰ ਕੌਰ ਦੇ ਪਤੀ ਅਮਰਜੀਤ ਸਿੰਘ ਨੇ ਵੀ ਪੰਜਾਬੀ ਭਾਈਚਾਰੇ ਅਤੇ ਬਾਕੀ ਕਮਿਊਨਿਟੀ ਦਾ ਧੰਨਵਾਦ ਕੀਤਾ।ਸਤਵਿੰਦਰ ਕੌਰ ਨੂੰ ਜਿੱਤ ਦੀਆਂ ਵਧਾਈਆਂ ਦੇਣ ਵਾਲਿਆਂ 'ਚ ਸਿਐਟਲ ਦੀਆਂ ਮਹਾਂਨ ਸ਼ਖ਼ਸੀਅਤਾਂ ਜਿਨ੍ਹਾਂ 'ਚ ਸਿਐਟਲ ਦੇ ਕਾਰੋਬਾਰੀ ਬਲਬੀਰ ਸਿੰਘ ਉਸਮਾਨਪੁਰ, ਕਿਸਾਨ ਆਗੂ ਚੇਤ ਸਿੰਘ ਸਿੱਧੂ, ਨੌਜਵਾਨ ਸਿੱਖ ਆਗੂ ਗੁਰਵਿੰਦਰ ਸਿੰਘ ਮੁੱਲਾਂਪੁਰ, ਪ੍ਰਸਿੱਧ ਕਾਰੋਬਾਰੀ ਜਤਿੰਦਰ ਸਿੰਘ ਸਪਰਾਏ, ਗੁਰਦੁਆਰਾ ਸੋਚਾ ਮਾਰਗ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਸਿੰਘ ਕਲੇਰ, ਹਰਦੀਪ ਸਿੰਘ ਗਿੱਲ, ਕੁਲਵੰਤ ਸ਼ਾਹ, ਗੁਰਵਿੰਦਰ ਸਿੰਘ ਇੰਦਰਜੀਤ ਸਿੰਘ ਬੋਲਵਾਲ, ਇੰਦਰਜੀਤ ਸਿੰਘ ਗਿੱਲ, ਹਰਜਿੰਦਰ ਸੰਧੂ, ਤਾਰਾ ਸਿੰਘ, ਹਰਨੇਕ ਸਿੰਘ ਪਾਬਲਾ, ਜਗਮੋਹਰ ਸਿੰਘ ਵਿਰਕ, ਅਕਾਲੀ ਦਲ ਮਾਨ ਦੇ ਆਗੂ ਕੀ ਇਨਸ਼ੇਰੋਸ, ਅਵਤਾਰ ਸਿੰਘ ਆਦਮਪੁਰੀ ਆਦਿ ਸ਼ਾਮਿਲ ਹਨ।

APC PEST CONTROL

ਕਾਕਰੋਚ, ਚੂਹੇ, ਚੂਹੀਆਂ, ਕੀੜੀਆ, ਪਿੱਸੂ, ਸਿਲਵਰਫ਼ਿਸ਼, ਮੱਖੀਆਂ, ਚਿੜੀਆਂ, ਕਬੂਤਰ ਅਤੇ ਕਾਟੋਆਂ ਨੂੰ ਕੰਟਰੋਲ ਕਰਨ ਲਈ (ਘਰ, ਆਫ਼ਿਸ, ਰੈਸਟੋਰੈਂਟ ਅਤੇ ਸਟੋਰਾਂ ਲਈ)

ਸਾਡੇ ਕੋਲ ਖਟਮਲਾਂ (Bed Bug) ਨੂੰ ਖਤਮ ਕਰਨ ਦ

ਸਸਤਾ ਹਵਾਈ ਸਫ਼ਰ 604-217-4114
ਮਰਦਾਨਾ ਕਮਜ਼ੋਰੀ 416-992-5489
KEY CUTTING AND PROGRAMMING 236-999-7980
ਡਾਲਰ ਦਾ ਵਧੀਆ ਰੇਟ? 778-246-2500
12 Beds, 7 Baths For 24 Guests 905-965-4644
ਬੈੱਡ ਬੱਗਜ਼ ਖ਼ਤਮ 604-999-7378
ਮਰਦਾਨਾ ਕਮਜ਼ੋਰੀ 416-992-5489
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222

ਮੂੰਹ 'ਚ ਅੱਖਾਂ ਵਾਲਾ ਡੱਡੂ

ਟੋਰੌਂਟੋ: ਕਈ ਵਾਰ ਕੁਦਰਤ ਅਜਿਹੇ ਰਹੱਸਮਈ ਚਮਤਕਾਰ ਦਿਖਾ ਦਿੰਦੀ ਹੈ ਜੋ ਕਿਸੇ ਫ਼ਿਲਮ ਦੀ ਕਹਾਣੀ ਵਰਗੇ ਲੱਗਦੇ ਹਨ। ਕੁਝ ਅਜਿਹਾ ਹੀ ਕਮਾਲ ਕੈਨੇਡਾ ਦੇ ਓਨਟੈਰੀਓ ਸੂਬੇ 'ਚ ਦੇਖਣ ਨੂੰ ਮਿਲਿਆ ਜਿੱਥੇ ਇੱਕ ਨੌਜਵਾਨ ਲੜਕੀ ਨੂੰ ਅਜਿਹਾ ਡੱਡੂ ਮਿਲਿਆ ਜਿਸ ਦੀਆਂ ਅੱਖਾਂ ਸਿਰ 'ਤੇ ਨਹੀਂ ਸਗੋਂ ਮੂੰਹ ਦੇ ਅੰਦਰ ਸਨ। ਇਹ ਕੋਈ ਅਫ਼ਵਾਹ ਨਹੀਂ ਸਗੋਂ ਵਿਗਿਆਨ ਦੁਆਰਾ ਸਾਬਿਤ ਕੀਤੀ ਗਈ ਇੱਕ ਸੱਚਾਈ ਹੈ।

ਖੋਜ ਨੇ ਦੁਨੀਆਂ ਨੂੰ ਕੀਤਾ ਹੈਰਾਨ: ਬ੍ਰਲਿੰਗਟਨ ਸ਼ਹਿਰ ਦੀ ਰਹਿਣ ਵਾਲੀ ਹਾਈ ਸਕੂਲ ਵਿਦਿਆਰਥਣ ਡੀਡਰੇ ਆਪਣੇ ਘਰ ਦੇ ਵੇਹੜੇ 'ਚ ਖੇਡ ਰਹੀ ਸੀ ਜਦੋਂ ਉਸ ਨੇ ਇੱਕ ਅਜੀਬ ਡੱਡੂ ਦੇਖਿਆ। ਡੱਡੂ ਦੀਆਂ ਅੱਖਾਂ ਬੰਦ ਸਨ, ਪਰ ਜਿਵੇਂ ਹੀ ਉਸ ਨੇ ਮੂੰਹ ਖੋਲ੍ਹਿਆ ਡੀਡਰੇ ਦੀ ਚੀਕ ਨਿਕਲ ਗਈ। ਉਸ ਦੇ ਮੂੰਹ ਦੇ ਅੰਦਰ ਤਾਲੂ 'ਤੇ ਦੋ ਚਮਕਦਾਰ ਅੱਖਾਂ ਦਿਖਾਈ ਦਿੱਤੀਆਂ। ਪਹਿਲਾਂ ਉਸ ਨੂੰ ਲੱਗਾ ਕਿ ਡੱਡੂ ਨੇ ਕਿਸੇ ਹੋਰ ਜਾਨਵਰ ਨੂੰ ਨਿਗਲ ਲਿਆ ਹੈ, ਪਰ ਧਿਆਨ ਨਾਲ ਵੇਖਣ 'ਤੇ ਪਤਾ ਲੱਗਾ ਕਿ ਉਹ ਅੱਖਾਂ ਉਸੇ ਡੱਡੂ ਦੀਆਂ ਆਪਣੀਆਂ ਸਨ।

ਗੋਲਮ ਨਾਮ ਰੱਖਿਆ ਗਿਆ ਇਸ ਵਿਲੱਖਣ ਜੀਵ ਦਾ: ਡੀਡਰੇ ਨੇ ਇਸ ਅਨੋਖੇ ਡੱਡੂ ਦਾ ਨਾਮ ਗੋਲਮ ਰੱਖਿਆ ਜੋ ਲੌਰਡ ਔਫ਼ ਦਾ ਰਿੰਗਜ਼ ਫ਼ਿਲਮ ਦੇ ਹਨ੍ਹੇਰੇ 'ਚ ਰਹਿਣ ਵਾਲੇ ਇੱਕ ਕਿਰਦਾਰ 'ਤੇ ਆਧਾਰਿਤ ਸੀ। ਉਸ ਨੇ ਡੱਡੂ ਦੀਆਂ ਤਸਵੀਰਾਂ ਖਿੱਚ ਕੇ The Hamilton Spectator ਅਖ਼ਬਾਰ ਨੂੰ ਭੇਜੀਆਂ। ਸ਼ੁਰੂ 'ਚ ਫ਼ੋਟੋਗ੍ਰਾਫ਼ਰ ਸਕੌਟ ਗਾਰਡਨਰ ਨੂੰ ਇਹ ਇੱਕ ਮਜ਼ਾਕ ਜਿਹਾ ਲੱਗਿਆ, ਪਰ ਜਦੋਂ ਉਸ ਨੇ ਡੱਡੂ ਨੂੰ ਦੇਖਿਆ ਤਾਂ ਉਹ ਵੀ ਹੈਰਾਨ ਰਹਿ ਗਿਆ। ਤਸਵੀਰਾਂ ਵਾਇਰਲ ਹੋ ਗਈਆਂ ਅਤੇ ਕੁਝ ਹੀ ਘੰਟਿਆਂ 'ਚ ਇਹ ਖ਼ਬਰ ਰੇਡੀਓ ਅਤੇ ਨਿਊਜ਼ ਚੈਨਲਾਂ 'ਤੇ ਛਾ ਗਈ। ਇੱਕ ਡੱਡੂ 'ਚ ਜੋ ਦਿੱਸਣ 'ਚ ਆਮ ਸੀ, ਪਰ ਉਸ ਦੇ ਮੂੰਹ ਖੋਲ੍ਹਦੇ ਹੀ ਕਿਸੇ ਹੌਰਰ ਮੂਵੀ ਵਰਗਾ ਦ੍ਰਿਸ਼ ਸਾਹਮਣੇ ਆ ਜਾਂਦਾ ਸੀ।

Macro Mutation ਦਾ ਕੇਸ: ਟੋਰੌਂਟੋ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਜੇਮਜ਼ ਬੋਗਰਟ ਮੁਤਾਬਿਕ ਇਹ ਮਾਮਲਾ ਜਨੈਟਿਕ ਮਿਊਟੇਸ਼ਨ (Genetic Mutation) ਦਾ ਨਤੀਜਾ ਹੈ। ਆਮ ਤੌਰ 'ਤੇ ਡੱਡੂ ਦੀਆਂ ਅੱਖਾਂ ਸਿਰ ਦੇ ਉੱਪਰ ਵਿਕਸਿਤ ਹੁੰਦੀਆਂ ਹਨ, ਪਰ ਇਸ ਮਾਮਲੇ 'ਚ ਭਰੂਣ ਵਿਕਾਸ ਦੌਰਾਨ ਜੀਨ ਦੀ ਦਿਸ਼ਾ ਉਲਟ ਗਈ ਜਿਸ ਕਾਰਨ ਅੱਖਾਂ ਮੂੰਹ ਦੇ ਅੰਦਰ ਬਣ ਗਈਆਂ। ਇਹ ਹਾਲਤ Macro Mutation ਕਹਿਲਾਉਂਦੀ ਹੈ ਜੋ ਕਿ ਬਹੁਤ ਹੀ ਦੁਰਲੱਭ ਹੈ। ਵਿਗਿਆਨੀਆਂ ਦਾ ਇਹ ਵੀ ਕਹਿਣਾ ਹੈ ਕਿ ਰਸਾਇਣਕ ਪ੍ਰਦੂਸ਼ਣ (Chemical Pollution) ਜਾਂ ਵਾਤਾਵਰਣਕ ਅਸਰ ਵੀ ਇਸ ਅਜੀਬੋ-ਗ਼ਰੀਬ ਵਿਕਾਸ ਦਾ ਕਾਰਨ ਹੋ ਸਕਦੇ ਹਨ।

US ਦੇ Endgame Bomber ਦੀ ਰੇਂਜ 2,500 KM

ਨਵੀਂ ਦਿੱਲੀ: ਅਮਰੀਕਾ ਦਾ ਇੱਕ ਬਹੁਤ ਹੀ ਗੁਪਤ ਪ੍ਰਮਾਣੂ ਹਥਿਆਰ ਹੁਣ ਸਾਹਮਣੇ ਆ ਗਿਆ ਹੈ ਜਿਸ ਨੂੰ ਅਮਰੀਕਾ ਦੇ ਦੁਸ਼ਮਣ ਦੇਸ਼ਾਂ ਲਈ ਐਂਡਗੇਮ ਬੌਂਬਰ ਮੰਨਿਆ ਜਾ ਰਿਹਾ ਹੈ, ਅਤੇ ਇਸ ਨੂੰ ਰੂਸ ਤੇ ਚੀਨ ਲਈ ਇੱਕ ਸਖ਼ਤ ਚਿਤਾਵਨੀ ਵਜੋਂ ਦੇਖਿਆ ਜਾ ਰਿਹਾ ਹੈ।

ਗੁਪਤ ਹਥਿਆਰ ਆਇਆ ਦੁਨੀਆਂ ਸਾਹਮਣੇ: ਇਹ ਅਮਰੀਕਾ ਦੀ ਨਵੀਂ AGM-181 LRSO ਮਿਜ਼ਾਇਲ ਹੈ ਜਿਸ ਨੂੰ ਲੌਂਗ ਰੇਂਜ ਸਟੈਂਡ-ਔਫ਼ ਵੀ ਕਿਹਾ ਜਾਂਦਾ ਹੈ। ਇਹ ਇੱਕ ਕਰੂਜ਼ ਮਿਜ਼ਾਇਲ ਹੈ ਜੋ ਹਵਾ ਤੋਂ ਛੱਡੀ ਜਾਂਦੀ ਹੈ, ਅਤੇ ਪ੍ਰਮਾਣੂ ਹਥਿਆਰ ਲੈ ਕੇ ਜਾਣ ਦੀ ਸਮਰੱਥਾ ਰੱਖਦੀ ਹੈ। ਹਾਲ ਹੀ 'ਚ ਕੈਲੇਫ਼ੋਰਨੀਆ 'ਚ ਇੱਕ ਪਲੇਨਸਪੌਟਰ ਨੇ ਇਸ ਦੀ ਪਹਿਲੀ ਝਲਕ ਦੇਖੀ ਜਿਸ ਤੋਂ ਬਾਅਦ ਪੈਂਟਾਗੌਨ (ਅਮਰੀਕੀ ਰੱਖਿਆ ਵਿਭਾਗ) ਵਲੋਂ ਇਸ ਨੂੰ ਗੁਪਤ ਰੱਖਣ ਦਾ ਰਾਜ਼ ਖੁੱਲ੍ਹ ਗਿਆ।

ਖ਼ਾਸੀਅਤ ਅਤੇ ਤਾਕਤ: ਇਹ ਮਿਜ਼ਾਇਲ ਇੱਕ Stealth Weapon ਹੈ ਭਾਵ ਇੱਕ ਅਦ੍ਰਿਸ਼ ਹਥਿਆਰ ਹੈ ਅਤੇ ਰੈਡਾਰ ਇਸ ਨੂੰ ਆਸਾਨੀ ਨਾਲ ਨਹੀਂ ਫ਼ੜ ਪਾਉਂਦੇ। ਇਹ ਸਟੈੱਲਥ ਮੀਜ਼ਾਇਲ ਦੁਸ਼ਮਣ ਦੇ Air Defence System ਨੂੰ ਚਕਮਾ ਦੇ ਕੇ ਹਮਲਾ ਕਰਨ ਲਈ Design ਕੀਤੀ ਗਈ ਹੈ। ਇਸ ਦੇ ਮੁੱਖ ਖ਼ਾਸੀਅਤਾਂ ਹੇਠ ਲਿਖੇ ਅਨੁਸਾਰ ਹਨ।

ਰੇਂਜ: ਇਸ ਦੀ ਰੇਂਜ 2, 500 ਕਿਲੋਮੀਟਰ ਤੋਂ ਵੱਧ ਹੈ। **ਵਾਰਹੈੱਡ:** ਇਹ W80-4 ਪ੍ਰਮਾਣੂ ਹੈੱਡ ਲੈ ਕੇ ਜਾਂਦੀ ਹੈ। ਇਸ ਦੀ ਤਾਕਤ ਪੰਜ ਤੋਂ 150 ਕਿੱਲੋ ਟਨ ਤਕ ਬਦਲੀ ਜਾ ਸਕਦੀ ਹੈ। **ਤਾਕਤ:** 150 ਕਿਲੋ ਟਨ ਦੀ ਸਮਰੱਥਾ 'ਤੇ ਇਹ ਹੀਰੋਸ਼ਿਮਾ 'ਤ ਸੁੱਟੇ ਗਏ ਬੰਬ ਨਾਲੋਂ 10 ਗੁਣਾ ਜ਼ਿਆਦਾ ਤਾਕਤਵਰ ਹੈ। **ਲੌਂਚ ਪਲੇਟਫ਼ਾਰਮ:** ਇਸ ਨੂੰ B-52H/J Bomber ਅਤੇ ਅਮਰੀਕਾ ਦੇ ਨਵੇਂ ਸਟੈੱਲਥ ਬੰਬਾਰ B-21 Raider ਤੋਂ ਛੱਡਿਆ ਜਾਵੇਗਾ।

ਇਸ ਨੂੰ 1982 ਤੋਂ ਵਰਤੀ ਜਾ ਰਹੀ ਪੁਰਾਣੀ 17A-862 ਮਿਜ਼ਾਇਲ ਨੂੰ ਬਦਲਣ ਲਈ ਬਣਾਇਆ ਗਿਆ ਹੈ। ਇਸ ਦੇ ਵਿਕਾਸ ਨੂੰ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਦੇ ਕਾਰਜਕਾਲ (2017-2021) ਦੌਰਾਨ ਤੇਜ਼ ਕੀਤਾ ਗਿਆ ਸੀ। ਇਸ ਦਾ ਨਿਰਮਾਣ ਰੇਥੀਅਨ ਕੰਪਨੀ ਕਰ ਰਹੀ ਹੈ। ਵਰਤਮਾਨ 'ਚ ਇਹ ਟੈੱਸਟਿੰਗ ਅਧੀਨ ਹੈ, ਅਤੇ 2030 ਦੇ ਆਸ-ਪਾਸ ਇਹ ਸੈਨਾ 'ਚ ਪੂਰੀ ਤਰ੍ਹਾਂ ਤਾਇਨਾਤ ਹੋ ਜਾਵੇਗੀ।

ਅਮਰੀਕਾ ਵਲੋਂ ਇਸ ਮਿਜ਼ਾਇਲ ਨੂੰ ਜਨਤਕ ਕਰਨ ਦਾ ਸੰਦੇਸ਼ ਸਾਫ਼ ਹੈ ਕਿ ਇਹ ਰੂਸ ਤੇ ਚੀਨ ਨੂੰ ਚਿਤਾਵਨੀ ਦੇਣ ਲਈ ਬਣਾਈ ਗਈ ਹੈ ਕਿ ਅਮਰੀਕਾ ਦੀ ਤਾਕਤ ਵੱਧ ਗਈ ਹੈ। ਇਸ ਨੂੰ ਰੂਸ ਦੇ ਹਾਈਪਰਸੌਨਿਕ ਹਥਿਆਰਾਂ ਅਤੇ ਚੀਨ ਦੀਆਂ ਮਿਜ਼ਾਇਲਾਂ ਦੇ ਜਵਾਬ ਵਜੋਂ ਦੇਖਿਆ ਜਾ ਰਿਹਾ ਹੈ। ਇਸ ਦਾ ਮੁੱਖ ਉਦੇਸ਼ Deterrence (ਡਰਾਵਾ) ਬਣਾਈ ਰੱਖਣਾ ਹੈ ਤਾਂ ਜੋ ਦੁਸ਼ਮਣ ਹਮਲਾ ਕਰਨ ਤੋਂ ਪਹਿਲਾਂ ਦੱਸ ਵਾਰ ਸੋਚੇ।

Georgia ਅਤੇ US ਤੋਂ ਫ਼ੜੇ ਭਾਰਤੀ ਗੈਂਗਸਟਰ



ਜੌਰਜੀਆ: ਭਾਰਤੀ ਸੁਰੱਖਿਆ ਏਜੰਸੀਆਂ ਲਈ ਇੱਕ ਵੱਡੀ ਕਾਰਵਾਈ ਨੂੰ ਸਫ਼ਲਤਾਪੂਰਵਕ ਅੰਜਾਮ ਦਿੰਦਿਆਂ ਵਿਦੇਸ਼ਾਂ ਤੋਂ ਆਪਣਾ ਨੈੱਟਵਰਕ ਚਲਾ ਰਹੇ ਭਾਰਤ ਦੇ ਦੋ ਮੋਸਟ ਵਾਂਟੇਡ ਗੈਂਗਸਟਰਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਇਨ੍ਹਾਂ ਗੈਂਗਸਟਰਾਂ 'ਚੋਂ ਇੱਕ ਵੈਂਕਟੇਸ਼ ਗਰਗ ਨੂੰ Georgia ਤੋਂ ਹੈ ਜਦ ਕਿ ਦੂਜੇ ਭਾਨੂ ਰਾਣਾ ਨੂੰ ਅਮਰੀਕਾ ਤੋਂ ਕਾਬੂ ਕੀਤਾ ਗਿਆ ਹੈ। ਹਰਿਆਣਾ ਪੁਲੀਸ ਸਮੇਤ ਕਈ ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ ਨੇ ਇਨ੍ਹਾਂ ਗ੍ਰਿਫ਼ਤਾਰੀਆਂ ਦੀ ਪੁਸ਼ਟੀ ਕੀਤੀ ਹੈ। ਦੋਹਾਂ ਨੂੰ ਜਲਦੀ ਹੀ ਭਾਰਤ ਡੀਪੋਰਟ ਕੀਤੇ ਜਾਣ ਦੀ ਉਮੀਦ ਹੈ।

ਵੈਂਕਟੇਸ਼ ਗਰਗ, ਜੋ ਕਿ ਹਰਿਆਣਾ ਦੇ ਨਾਰਾਇਣਗੜ੍ਹ ਦਾ ਮੂਲ ਨਿਵਾਸੀ ਹੈ, ਖ਼ਿਲਾਫ਼ 10 ਤੋਂ ਵੱਧ ਅਪਰਾਧਕ ਮਾਮਲੇ ਦਰਜ ਹਨ। ਉਹ ਗੁਰੂਗ੍ਰਾਮ 'ਚ ਇੱਕ ਬਹੁਜਨ ਸਮਾਜ ਪਾਰਟੀ (ਬਸਪਾ) ਨੇਤਾ ਦੇ ਕਤਲ 'ਚ ਸ਼ਾਮਿਲ ਹੋਣ ਤੋਂ ਬਾਅਦ Georgia ਫ਼ਰਾਰ ਹੋ ਗਿਆ ਸੀ, ਅਤੇ ਵਿਦੇਸ਼ 'ਚ ਬੈਠੇ ਇੱਕ ਹੋਰ ਗੈਂਗਸਟਰ ਕਪਿਲ ਸਾਂਗਵਾਨ ਨਾਲ ਸਾਂਝੇਦਾਰੀ 'ਚ ਫ਼ਿਰੌਤੀ ਦਾ ਇੱਕ ਸਿੰਡੀਕੇਟ ਚਲਾ ਰਿਹਾ ਸੀ।

ਅਧਿਕਾਰੀਆਂ ਅਨੁਸਾਰ ਗਰਗ ਹਰਿਆਣਾ, ਰਾਜਸਥਾਨ, ਦਿੱਲੀ ਅਤੇ ਉੱਤਰੀ ਭਾਰਤ ਦੇ ਹੋਰ ਸੂਬਿਆਂ ਦੇ ਨੌਜਵਾਨਾਂ ਨੂੰ ਆਪਣੇ ਅਪਰਾਧਕ ਨੈੱਟਵਰਕ 'ਚ ਸਰਗਰਮੀ ਨਾਲ ਭਰਤੀ ਕਰ ਰਿਹਾ ਸੀ। ਹਿਰਾਸਤ 'ਚ ਲਏ ਜਾਣ ਮਗਰੋਂ ਵੈਂਕਟੇਸ਼ ਗਰਗ ਨੂੰ ਬਹੁਤ ਜਲਦੀ ਹੀ Georgia ਤੋਂ ਭਾਰਤ ਹਵਾਲੇ ਕੀਤਾ ਜਾਵੇਗਾ। ਉਸ ਨੂੰ ਭਾਰਤ ਲਿਆਉਣ ਲਈ ਹਰਿਆਣਾ SP ਦੀ ਅਗਵਾਈ 'ਚ ਇੱਕ ਵਿਸ਼ੇਸ਼ ਟੀਮ Georgia ਪਹੁੰਚ ਚੁੱਕੀ ਹੈ। ਉੱਥੇ ਹੀ ਦੂਜਾ ਮੁਲਜ਼ਮ ਭਾਨੂ ਰਾਣਾ, ਜੋ ਮੂਲ ਰੂਪ 'ਚ ਕਰਨਾਲ (ਹਰਿਆਣਾ) ਦਾ ਰਹਿਣ ਵਾਲਾ ਹੈ, ਭਾਰਤ ਦੇ ਸਭ ਤੋਂ ਖ਼ੌਫ਼ਨਾਕ ਅਪਰਾਧਕ ਨੈਟਵਰਕਾਂ 'ਚੋਂ ਇੱਕ ਲੌਰੈਂਸ ਬਿਸ਼ਨੋਈ ਗੈਂਗ ਨਾਲ ਲੰਬੇ ਸਮੇਂ ਤੋਂ ਜੁੜਿਆ ਹੋਇਆ ਹੈ। ਉਸ ਖ਼ਿਲਾਫ਼ ਹਰਿਆਣਾ, ਪੰਜਾਬ ਅਤੇ ਦਿੱਲੀ 'ਚ ਕਈ ਮਾਮਲੇ ਦਰਜ ਹਨ। ਉਸ ਦਾ ਨਾਮ ਪੰਜਾਬ 'ਚ ਹੋਏ ਇੱਕ ਗ੍ਰੇਨੇਡ ਹਮਲੇ ਦੀ ਜਾਂਚ ਦੌਰਾਨ ਵੀ ਸਾਹਮਣੇ ਆਇਆ ਸੀ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਗਰਗ ਅਤੇ ਰਾਣਾ ਦੀ ਗ੍ਰਿਫ਼ਤਾਰੀ ਨੇ ਭਾਰਤੀ ਗੈਂਗਸਟਰਾਂ ਦੇ ਇੱਕ ਵੱਡੇ ਅੰਤਰਰਾਸ਼ਟਰੀ ਗਠਜੋੜ ਦਾ ਪਰਦਾਫ਼ਾਸ਼ ਕੀਤਾ ਹੈ ਜੋ ਵਿਦੇਸ਼ੀ ਟਿਕਾਣਿਆਂ ਦੀ ਵਰਤੋਂ ਕਰ ਕੇ ਭਾਰਤ 'ਚ ਅਪਰਾਧਕ ਕਾਰਵਾਈਆਂ ਕਰਵਾ ਰਹੇ ਹਨ। ਸੂਤਰਾਂ ਨੇ ਦੱਸਿਆ ਕਿ ਦੋ ਦਰਜਨ ਤੋਂ ਵੱਧ ਪ੍ਰਮੁੱਖ ਭਾਰਤੀ ਗੈਂਗਸਟਰ ਵਰਤਮਾਨ 'ਚ ਵਿਦੇਸ਼ਾਂ 'ਚ ਬੈਠੇ ਹੋਏ ਹਨ ਜੋ ਭਾਰਤ 'ਚ ਕਿਰਾਏ ਦੇ ਕਰਿੰਦਿਆਂ ਰਾਹੀਂ ਫ਼ਿਰੌਤੀ ਅਤੇ ਤਸਕਰੀ ਦੇ ਰੈਕੇਟ ਚਲਾ ਰਹੇ ਹਨ।

ਤਿੰਨ ਪੰਜਾਬੀ Canada ਤੋਂ ਡੀਪੋਰਟ

ਵੈਨਕੂਵਰ: ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਐਲਾਨ ਕੀਤਾ ਹੈ ਕਿ ਬ੍ਰਿਟਿਸ਼ ਕੋਲੰਬੀਆ 'ਚ ਚੱਲ ਰਹੀ ਜਬਰਨ ਵਸੂਲੀਆਂ ਦੀ ਜਾਂਚ ਦੇ ਹਿੱਸੇ ਵਜੋਂ ਤਿੰਨ ਵਿਅਕਤੀਆਂ ਨੂੰ ਦੇਸ਼ 'ਚੋਂ ਕੱਢ ਦਿੱਤਾ ਗਿਆ ਹੈ। ਏਜੰਸੀ ਨੇ ਇੱਕ ਬਿਆਨ 'ਚ ਕਿਹਾ ਕਿ ਉਹ ਇਸ ਸੂਬੇ 'ਚ ਹੋ ਰਹੀਆਂ ਗੋਲੀਬਾਰੀ ਅਤੇ ਜਬਰਨ ਵਸੂਲੀ ਦੀਆਂ ਕੋਸ਼ਿਸ਼ਾਂ ਨਾਲ ਜੁੜੇ 78 ਹੋਰ ਵਿਦੇਸ਼ੀ ਨਾਗਰਿਕਾਂ ਦੀ ਵੀ ਜਾਂਚ ਕਰ ਰਹੀ ਹੈ, ਜੋ ਦੇਸ਼ 'ਚ ਰਹਿਣ ਲਈ ਅਯੋਗ ਹੋ ਸਕਦੇ ਹਨ।

ਇਹ ਕਾਰਵਾਈ BC ਜਬਰਨ ਵਸੂਲੀ ਟਾਸਕ ਫ਼ੋਰਸ ਦੇ ਕੰਮ ਦਾ ਹਿੱਸਾ ਹੈ ਜਿਸ ਦਾ ਗਠਨ ਇਸ ਸਾਲ ਦੇ ਸ਼ੁਰੂ 'ਚ ਕੀਤਾ ਗਿਆ ਸੀ। ਇਸ ਟਾਸਕ ਫ਼ੋਰਸ 'ਚ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ RCMP ਗੈਂਗ ਸਕੁਐਡ ਅਤੇ ਕਈ ਹੋਰ ਪੁਲੀਸ ਵਿਭਾਗਾਂ ਦੇ ਜਾਂਚਕਰਤਾ ਸ਼ਾਮਿਲ ਹਨ। ਇਹ ਯੂਨਿਟ ਦਰਜਨਾਂ ਜਬਰਨ ਵਸੂਲੀ ਦੀਆਂ ਕੋਸ਼ਿਸ਼ਾਂ, ਅਤੇ ਇਸ ਤੋਂ ਬਾਅਦ ਹੋਈਆਂ ਗੋਲੀਬਾਰੀਆਂ ਦੀ ਜਾਂਚ ਕਰ ਰਹੀ ਹੈ। ਇਨ੍ਹਾਂ 'ਚੋਂ ਬਹੁਤ ਸਾਰੀਆਂ ਘਟਨਾਵਾਂ ਦੱਖਣੀ ਏਸ਼ੀਆਈ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੀਆਂ ਗਈਆਂ ਸਨ ਜਿਸ ਕਾਰਨ ਸੂਬੇ ਦੇ ਕਈ ਭਾਈਚਾਰਿਆਂ 'ਚ ਦਹਿਸ਼ਤ ਫ਼ੈਲੀ ਹੋਈ ਹੈ। ਜ਼ਿਕਰਯੋਗ ਹੈ ਕਿ ਸਰੀ 'ਚ ਸਥਿਤ Kap's Cafe, ਜੋ ਕਿ ਕੌਮੇਡੀਅਨ ਅਤੇ ਟੈਲੇਵਿਯਨ ਹੋਸਟ ਕਪਿਲ ਸ਼ਰਮਾ ਦੀ ਮਲਕੀਅਤ ਹੈ, 'ਤੇ ਹੁਣ ਤਕ ਤਿੰਨ ਵਾਰ ਗੋਲੀਆਂ ਚਲਾਈਆਂ ਗਈਆਂ ਸਨ।

ਇਨ੍ਹਾਂ ਅਪਰਾਧਾਂ ਦੇ ਸਬੰਧ 'ਚ ਕੁੱਝ ਗ੍ਰਿਫ਼ਤਾਰੀਆਂ ਅਤੇ ਕੁੱਝ ਦੋਸ਼ੀਆਂ ਨੂੰ ਸਜ਼ਾਵਾਂ ਵੀ ਹੋ ਚੁੱਕੀਆਂ ਹਨ। ਕੁੱਝ ਮਾਮਲੇ ਭਾਰਤ-ਆਧਾਰਿਤ ਲੌਰੈਂਸ ਬਿਸ਼ਨੋਈ ਗੈਂਗ ਨਾਲ ਵੀ ਜੁੜੇ ਹੋਏ ਹਨ।

ਜ਼ਿਕਰਯੋਗ ਹੈ ਕਿ ਕੈਨੇਡਾ ਦੀ ਸੰਘੀ ਸਰਕਾਰ ਨੇ ਹਾਲ ਹੀ 'ਚ ਲਾਰੈਂਸ ਬਿਸ਼ਨੋਈ ਗੈਂਗ ਨੂੰ ਇੱਕ ਅਤਿਵਾਦੀ ਸੰਗਠਨ ਘੋਸ਼ਿਤ ਕੀਤਾ ਹੈ। CBSA ਦੀ ਪੈਸੇਫ਼ਿਕ ਖੇਤਰ ਦੀ ਖੇਤਰੀ ਡਾਇਰੈਕਟਰ ਜਨਰਲ ਨੀਨਾ ਪਟੇਲ ਨੇ ਕਿਹਾ ਕਿ ਉਨ੍ਹਾਂ ਦੀਆਂ ਜਾਂਚਾਂ ਸੰਗਠਿਤ ਅੰਤਰਰਾਸ਼ਟਰੀ ਅਪਰਾਧਿਕ ਸਮੂਹਾਂ ਨੂੰ ਖ਼ਤਮ ਕਰਨ 'ਚ ਉਨ੍ਹਾਂ ਦੀਆਂ ਟੀਮਾਂ ਦੀ ਮਹੱਤਵਪੂਰਣ ਭੂਮਿਕਾ ਨੂੰ ਦਰਸਾਉਂਦੀਆਂ ਹਨ।

KEY CUTTING AND PROGRAMMING 236-999-7980
ਵਿਜ਼ਟਰ ਇੰਸ਼ੋਰੈਂਸ 778-317-6262
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
12 Beds, 7 Baths For 24 Guests 905-965-4644
ਮਰਦਾਨਾ ਕਮਜ਼ੋਰੀ 416-992-5489
ਸਸਤਾ ਹਵਾਈ ਸਫ਼ਰ 604-217-4114
ਬੈੱਡ ਬੱਗਜ਼ ਖ਼ਤਮ 604-999-7378
ਡਾਲਰ ਦਾ ਵਧੀਆ ਰੇਟ? 778-246-2500

ਸਰਤਾਜ ਹਿੰਦ ਦੀ ਚਾਦਰ ਗੀਤ ਲਈ ਸਨਮਾਨਿਤ

ਅੰਮ੍ਰਿਤਸਰ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗਾਇੱਕ ਡਾ. ਸਤਿੰਦਰ ਸਰਤਾਜ ਨੂੰ ਉਨ੍ਹਾਂ ਦੇ ਗੀਤ ਹਿੰਦ ਦੀ ਚਾਦਰ ਲਈ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸਥਿਤ ਕਮੇਟੀ ਦੇ ਦਫ਼ਤਰ 'ਚ ਡਾ. ਸਰਤਾਜ ਦੇ ਆਗਮਨ 'ਤੇ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਧਰਮ ਪ੍ਰਚਾਰ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ, ਸਕੱਤਰ ਜੈਸਮੀਨ ਸਿੰਘ ਨੋਨੀ ਅਤੇ ਹੋਰ ਅਹੁਦੇਦਾਰਾਂ ਤੇ ਮੈਂਬਰਾਂ ਵਲੋਂ ਉਨ੍ਹਾਂ ਨੂੰ ਗੁਰਦੁਆਰਾ ਸ਼ੀਸ਼ ਗੰਜ ਸਾਹਿਬ ਦਾ ਮਾਡਲ, ਇਤਿਹਾਸਕ ਸਿੱਕਾ ਅਤੇ ਸਿਰੋਪਾ ਭੇਂਟ ਕਰ ਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਹਰਮੀਤ ਸਿੰਘ ਕਾਲਕਾ, ਜਗਦੀਪ ਸਿੰਘ ਕਾਹਲੋ ਅਤੇ ਜਸਪ੍ਰੀਤ ਸਿੰਘ ਕਰਮਸਰ ਨੇ ਕਿਹਾ ਕਿ ਗਾਇਕ ਵਜੋਂ ਡਾ. ਸਰਤਾਜ ਨੇ ਕਈ ਧਾਰਮਿਕ ਅਤੇ ਸਭਿਆਚਾਰਕ ਗੀਤ ਗਾਏ ਹਨ, ਪਰ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹੀਦੀ ਦੇ 350ਵੇਂ ਸ਼ਹੀਦੀ ਦਿਵਸ 'ਤੇ ਉਨ੍ਹਾਂ ਵਲੋਂ ਗਾਇਆ ਗਿਆ ਹਿੰਦ ਦੀ ਚਾਦਰ ਗੀਤ ਉਨ੍ਹਾਂ ਦੇ ਗਾਇਨ ਜੀਵਨ ਦਾ ਮੀਲ ਪੱਥਰ ਸਾਬਿਤ ਹੋਵੇਗਾ। ਦੇਸ਼-ਵਿਦੇਸ਼ 'ਚ ਜਦ ਲੋਕ ਇਹ ਗੀਤ ਆਪਣੇ ਘਰਾਂ ਤੇ ਗੱਡੀਆਂ 'ਚ ਸੁਣਣਗੇ, ਉਨ੍ਹਾਂ ਨੂੰ ਗੁਰੂ ਜੀ ਦੀ ਅਦੁੱਤੀ ਸ਼ਹਾਦਤ ਦਾ ਪੂਰਾ ਇਤਿਹਾਸ ਪਤਾ ਲੱਗੇਗਾ।

ਇਸ ਗੀਤ 'ਚ ਡਾ. ਸਰਤਾਜ ਨੇ ਸ੍ਰੀ ਗ

ਸਸਤਾ ਹਵਾਈ ਸਫ਼ਰ 604-217-4114
ਵਿਜ਼ਟਰ ਇੰਸ਼ੋਰੈਂਸ 778-317-6262
KEY CUTTING AND PROGRAMMING 236-999-7980
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਡਾਲਰ ਦਾ ਵਧੀਆ ਰੇਟ? 778-246-2500
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
12 Beds, 7 Baths For 24 Guests 905-965-4644
ਬੈਂਡ ਬੱਗਜ਼ ਖ਼ਤਮ 604-999-7378

ਖ਼ੁਦਕੁਸ਼ੀ ਵਰਗੀਆਂ ਮਾੜੀਆਂ ਸਲਾਹਾਂ ਦੇ ਰਹੀ ਹੈ AI

ਸੈਨ ਹੋਜ਼ੇ: ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੀ ਪ੍ਰਮੁੱਖ ਕੰਪਨੀ +bka19 ਨੂੰ ਵੱਡੀ ਕਾਨੂੰਨੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਲੇਫ਼ੋਰਨੀਆ ਰਾਜ ਦੀਆਂ ਅਦਾਲਤਾਂ 'ਚ ਕੰਪਨੀ ਵਿਰੁੱਧ ਸੱਤ ਨਵੇਂ ਮੁਕੱਦਮੇ ਦਾਇਰ ਕੀਤੇ ਗਏ ਹਨ ਜਿਨ੍ਹਾਂ 'ਚ ਦੋਸ਼ ਲਾਇਆ ਗਿਆ ਹੈ ਕਿ AI ਨੇ ਲੋਕਾਂ ਨੂੰ ਖ਼ੁਦਕੁਸ਼ੀ ਕਰਨ ਅਤੇ ਨੁਕਸਾਨਦੇਹ ਭੁਲੇਖਿਆਂ ਦਾ ਸ਼ਿਕਾਰ ਹੋਣ ਲਈ ਪ੍ਰੇਰਿਤ ਕੀਤਾ, ਭਾਵੇਂ ਉਨ੍ਹਾਂ ਨੂੰ ਪਹਿਲਾਂ ਕੋਈ ਮਾਨਸਿਕ ਸਿਹਤ ਸਮੱਸਿਆ ਨਹੀਂ ਸੀ।ਇਹ ਮੁਕੱਦਮੇ ਸੋਸ਼ਲ ਮੀਡੀਆ ਵਿਕਟਿਮਜ਼ ਲਾਅ ਸੈਂਟਰ ਅਤੇ ਟੈੱਕ ਜਸਟਿਸ ਲਾਅ ਪ੍ਰੋਜੈਕਟ ਦੁਆਰਾ ਛੇ ਬਾਲਗਾਂ ਅਤੇ ਇੱਕ ਨੌਜਵਾਨ ਦੀ ਤਰਫ਼ੋਂ ਦਾਇਰ ਕੀਤੇ ਗਏ ਹਨ। ਇਨ੍ਹਾਂ 'ਚੋਂ ਚਾਰ ਪੀੜਤਾਂ ਦੀ ਮੌਤ ਖ਼ੁਦਕੁਸ਼ੀ ਕਾਰਨ ਹੋਈ। ਮੁਕੱਦਮਿਆਂ 'ਚ ਗ਼ਲਤ ਮੌਤ, ਸਹਾਇਕ ਖ਼ੁਦਕੁਸ਼ੀ, ਅਣਇੱਛਤ ਕਤਲ, ਲਾਪਰਵਾਹੀ ਵਰਗੇ ਗੰਭੀਰ ਦੋਸ਼ ਸ਼ਾਮਿਲ ਹਨ।

ਦੋਸ਼ ਹੈ ਕਿ ChatGPT ਨੇ ਜਾਣਬੂੱਝ ਕੇ GPT-40 ਮਾਡਲ ਨੂੰ ਸਮੇਂ ਤੋਂ ਪਹਿਲਾਂ ਜਾਰੀ ਕਰ ਦਿੱਤਾ ਹੈ। ਮੁਕੱਦਮੇ 'ਚ ਦਾਅਵਾ ਕੀਤਾ ਗਿਆ ਹੈ ਕਿ ਕੰਪਨੀ ਨੂੰ ਅੰਦਰੂਨੀ ਤੌਰ 'ਤੇ ਚਿਤਾਵਨੀਆਂ ਮਿਲੀਆਂ ਸਨ ਕਿ ਇਹ ਮਾਡਲ ਖ਼ਤਰਨਾਕ ਤੌਰ 'ਤੇ ਸਾਈਕੋਫ਼ੈਂਟਿਕ (ਮਨੋਵਿਗਿਆਨਕ ਤੌਰ 'ਤੇ ਹੇਰਾਫ਼ੇਰੀ ਕਰਨ ਵਾਲਾ) ਸੀ।

ਨੌਜਵਾਨ ਨੂੰ ਦੱਸੇ ਖ਼ੁਦਕੁਸ਼ੀ ਦੇ ਤਰੀਕੇ: ਸੈਨ ਫ਼ਰੈਂਸਿਸਕੋ ਦੀ ਸੁਪੀਰੀਅਰ ਕੋਰਟ 'ਚ ਦਾਇਰ ਇੱਕ ਕੇਸ 17 ਸਾਲਾ ਅਮੇਰੀ ਲੇਸੀ ਨਾਲ ਸਬੰਧਤ ਹੈ। ਉਸ ਨੇ ਮਦਦ ਲਈ AI ਦੀ ਵਰਤੋਂ ਸ਼ੁਰੂ ਕੀਤੀ, ਪਰ ਇਸ ਖ਼ਰਾਬ ਅਤੇ ਅੰਦਰੂਨੀ ਤੌਰ 'ਤੇ ਖ਼ਤਰਨਾਕ ਉਤਪਾਦ ਨੇ ਉਸ 'ਚ ਨਸ਼ਾਖੋਰੀ ਅਤੇ ਡਿਪਰੈਸ਼ਨ ਪੈਦਾ ਕਰ ਦਿੱਤਾ। ਅੰਤ 'ਚ AI ਨੇ ਉਸ ਨੂੰ



ਫ਼ਾਹਾ ਲਗਾਉਣ ਦੇ ਤਰੀਕੇ ਦੱਸੇ, ਅਤੇ ਇਹ ਵੀ ਦੱਸਿਆ ਕਿ ਉਹ ਸਾਹ ਲਏ ਬਿਨਾਂ ਕਿੰਨੀ ਦੇਰ ਤਕ ਜੀ ਸਕਦਾ ਹੈ।

ਭੁਲੇਖੇ ਪੈਦਾ ਕਰਨ ਦਾ ਦੋਸ਼: ਇੱਕ ਹੋਰ ਮੁਕੱਦਮਾ ਓਨਟੈਰੀਓ, ਕੈਨੇਡਾ ਦੇ 48 ਸਾਲਾ ਐਲਨ ਬਰੁਕਸ ਨੇ ਦਾਇਰ ਕੀਤਾ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਦੋ ਸਾਲਾਂ ਤਕ AI ਇੱਕ ਸਰੋਤ ਸਾਧਨ ਵਜੋਂ ਕੰਮ ਕਰਦਾ ਰਿਹਾ, ਪਰ ਫ਼ਿਰ ਅਚਾਨਕ ਉਸ ਦੀ ਬੋਲੀ ਹੀ ਬਦਲ ਗਈ। ਉਸ ਤੋਂ ਬਾਅਦ AI ਨੇ ਉਸ ਦੀਆਂ ਕਮਜ਼ੋਰੀਆਂ ਦਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਹੇਰਾਫ਼ੇਰੀ ਕਰ ਕੇ ਉਸ ਨੂੰ ਪ੍ਰੇਰਿਤ ਕਰ ਕੇ ਭੁਲੇਖੇ ਪੈਦਾ ਕੀਤੇ ਜਿਸ ਕਾਰਨ ਉਸ ਨੂੰ ਕੋਈ ਪਿਛਲੀ ਮਾਨਸਿਕ ਬੀਮਾਰੀ ਨਾ ਹੋਣ ਦੇ ਬਾਵਜੂਦ ਵਿੱਤੀ, ਪ੍ਰਤਿਸ਼ਠਾ ਸਬੰਧੀ ਅਤੇ ਭਾਵਨਾਤਮਕ ਨੁਕਸਾਨ ਦੇ ਨਾਲ ਇੱਕ ਮਾਨਸਿਕ ਸਿਹਤ ਸੰਕਟ 'ਚ ਪਾ ਦਿੱਤਾ।

ਸੋਸ਼ਲ ਮੀਡੀਆ ਵਿਕਟਿਮਜ਼ ਲਾਅ ਸੈਂਟਰ ਦੇ ਸੰਸਥਾਪਕ ਅਟਰਨੀ ਮੈਥਿਊ ਪੀ. ਬਰਗਮੈਨ ਨੇ ਕਿਹਾ ਕਿ ਇਹ ਮੁਕੱਦਮੇ ਅਜਿਹੇ ਉਤਪਾਦ ਲਈ ਜਵਾਬਦੇਹੀ ਦੀ ਮੰਗ ਕਰਦੇ ਹਨ। ਕੌਮਨਸੈਂਸ ਮੀਡੀਆ ਦੇ ਮੁੱਖ ਐਡਵੋਕੇਸੀ ਅਫ਼ਸਰ ਡੈਨੀਅਲ ਵੇਸ ਨੇ ਟਿੱਪਣੀ ਕੀਤੀ ਕਿ ਇਹ ਮੁਕੱਦਮੇ ਇਹ ਦਰਸਾਉਂਦੇ ਹਨ ਕਿ ਜਦੋਂ ਤਕਨੀਕੀ ਕੰਪਨੀਆਂ ਸੁਰੱਖਿਆ ਜਾਂਚ 'ਚ ਕਟੌਤੀ ਕਰਦੀਆਂ ਹਨ ਅਤੇ ਨੌਜਵਾਨਾਂ ਲਈ ਸਹੀ ਸੁਰੱਖਿਆ ਉਪਾਵਾਂ ਤੋਂ ਬਿਨਾਂ ਉਤਪਾਦਾਂ ਨੂੰ ਬਾਜ਼ਾਰ 'ਚ ਲਿਆਉਣ ਦੀ ਜਲਦੀ ਕਰਦੀਆਂ ਹਨ ਤਾਂ ਕੀ ਨੁਕਸਾਨ ਹੋ ਸਕਦਾ ਹੈ।ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਗਸਤ 'ਚ 16 ਸਾਲਾ ਐਡਮ ਰੇਨ ਦੇ ਮਾਪਿਆਂ ਨੇ OpenAI ਅਤੇ ਉਸ ਦੇ CEO ਸੈਮ ਆਲਟਮੈਨ 'ਤੇ ਮੁਕੱਦਮਾ ਕੀਤਾ ਜਿਸ 'ਚ ਦੋਸ਼ ਲਾਇਆ ਗਿਆ ਸੀ ਕਿ AI ਨੇ ਕੈਲੇਫ਼ੋਰਨੀਆ ਦੇ ਲੜਕੇ ਨੂੰ ਇਸ ਸਾਲ ਦੇ ਸ਼ੁਰੂ 'ਚ ਆਪਣੀ ਜਾਨ ਲੈਣ ਦੀ ਯੋਜਨਾ ਬਣਾਉਣ 'ਚ ਕੋਚਿੰਗ ਦਿੱਤੀ ਸੀ।

ChatGPT ਨੇ ਇਸ ਸਥਿਤੀ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਇਹ ਘਟਨਾਵਾਂ ਅਵਿਸ਼ਵਾਸਯੋਗ ਤੌਰ 'ਤੇ ਦਿਲ ਤੋੜਨ ਵਾਲੀਆਂ ਹਨ, ਅਤੇ ਉਨ੍ਹਾਂ ਦੀ ਕੰਪਨੀ ਵੇਰਵਿਆਂ ਨੂੰ ਸਮਝਣ ਲਈ ਅਦਾਲਤੀ ਫ਼ਾਈਲਾਂ ਦੀ ਸਮੀਖਿਆ ਕਰ ਰਹੀ ਹੈ।

Covid-19 ਨੇ ਜ਼ਿਆਦਾ ਬੁੱਢਾ ਕੀਤਾ ਸਾਰਿਆਂ ਦਾ ਦਿਮਾਗ਼

ਲੰਡਨ: Covid-19 ਮਹਾਂਮਾਰੀ ਨੇ ਲੋਕਾਂ ਦੇ ਦਿਮਾਗ਼ ਨੂੰ ਜ਼ਿਆਦਾ ਬੁੱਢਾ ਕੀਤਾ ਹੈ, ਭਾਵੇਂ ਉਹ ਇਸ ਤੋਂ ਪੀੜਤ ਹੋਏ ਹੋਣ ਜਾਂ ਨਾ। ਇੰਗਲੈਂਡ 'ਚ ਇੱਕ ਹਜ਼ਾਰ ਤੋਂ ਵੱਧ ਬਾਲਗਾਂ ਦੇ ਕੋਰੋਨਾ ਤੋਂ ਪਹਿਲਾਂ ਅਤੇ ਬਾਅਦ ਦੇ ਦਿਮਾਗ਼ ਦੇ RMI Scans ਦੇ ਅਧਿਐਨ ਰਾਹੀਂ ਇਹ ਹੈਰਾਨ ਕਰ ਦੇਣ ਵਾਲਾ ਸਿੱਟਾ ਕੱਢਿਆ ਗਿਆ ਹੈ।

ਸਾਇੰਸ ਅਮੈਰੀਕਨ ਅਨੁਸਾਰ ਲੋਕਾਂ ਦਾ ਦਿਮਾਗ਼ Covid-19 ਮਹਾਂਮਾਰੀ ਦੇ ਦੌਰ 'ਚ ਲਗਭਗ ਸਾਢੇ ਪੰਜ ਮਹੀਨੇ ਜ਼ਿਆਦਾ ਬੁੱਢਾ ਹੋਇਆ। ਅਜਿਹਾ ਤਨਾਅ ਅਤੇ ਡਿਪ੍ਰੈਸ਼ਨ ਕਾਰਨ ਹੋਇਆ। ਮਹਾਂਮਾਰੀ ਨੇ ਇਨਸਾਨੀ ਦਿਮਾਗ਼ਾਂ 'ਤੇ ਡੂੰਘਾ ਅਸਰ ਪਾਇਆ। ਵਿਗਿਆਨੀਆਂ ਨੇ ਇਸ ਅਧਿਐਨ ਲਈ ਇੰਗਲੈਂਡ ਦੇ ਬਾਇਓਬੈਂਕ ਦੇ ਡੇਟਾ ਦੀ ਵਰਤੋਂ ਕੀਤੀ। ਪ੍ਰੀਖਣ ਦੌਰਾਨ ਸਾਰੀਆਂ ਸਕੈਨਾਂ ਨੂੰ ਦੋ ਹਿੱਸਿਆਂ 'ਚ ਵੰਡਿਆ ਗਿਆ। ਪਹਿਲੇ ਹਿੱਸੇ 'ਚ ਉਨ੍ਹਾਂ ਨੂੰ ਰੱਖਿਆ ਗਿਆ ਜੋ ਬੀਮਾਰੀ ਤੋਂ ਪੀੜਤ ਹੋਏ ਸਨ, ਅਤੇ ਦੂਜੇ 'ਚ ਉਹ ਸਨ ਜਿਨਾਂ ਨੂੰ ਇਹ ਨਹੀਂ ਸੀ ਹੋਈ।

ਅਧਿਐਨ ਦੌਰਾਨ ਵੇਖਿਆ ਗਿਆ ਕਿ ਦੋਵਾਂ ਹੀ ਸਮੂਹਾਂ 'ਚ ਦਿਮਾਗ਼ਾਂ ਦੀ ਉਮਰ 'ਤੇ ਕੋਵਿਡ ਕਾਲ 'ਚ ਅਸਰ ਪਿਆ ਸੀ। ਬੀਮਾਰੀ ਤੋਂ ਪੀੜਤ ਲੋਕਾਂ ਦੇ ਦਿਮਾਗ਼ਾਂ 'ਤੇ ਅਸਰ ਤਾਂ ਪਹਿਲਾਂ ਦੇ ਅਧਿਐਨ 'ਚ ਹੀ ਸਪੱਸ਼ਟ ਹੋ ਗਿਆ ਸੀ, ਪਰ ਇਹ ਪਹਿਲੀ ਵਾਰ ਵੇਖਿਆ ਗਿਆ ਕਿ ਕੋਵਿਡ ਕਾਲ ਨੇ ਉਨ੍ਹਾਂ ਦੇ ਦਿਮਾਗ਼ਾਂ 'ਤੇ ਵੀ ਅਸਰ ਪਾਇਆ ਜੋ ਇਸ ਬੀਮਾਰੀ ਤੋਂ ਪੀੜਤ ਨਹੀਂ ਸਨ ਹੋਏ।

ਕਾਰ ਪਾਰਕਿੰਗ 'ਚ ਸ਼ਰਾਬ ਪੀਂਦੇ ਪੰਜਾਬੀ ਲੜਕਾ-ਲੜਕੀ ਹਥਿਆਰ ਸਣੇ ਗ੍ਰਿਫ਼ਤਾਰ

ਬਰੈਂਪਟਨ: ਇੱਥੋਂ ਦੀ ਪੁਲੀਸ ਨੇ ਰੁਟੀਨ ਚੈਕਿੰਗ ਦੌਰਾਨ ਮਾਲ ਦੀ ਪਾਰਕਿੰਗ 'ਚ ਕਾਰ ਲਗਾ ਕੇ ਸ਼ਰਾਬ ਪੀਂਦੇ ਅਤੇ ਭਰੀ ਹੋਈ ਨਾਜਾਇਜ਼ ਪਿਸਤੌਲ ਸਮੇਤ ਪੰਜਾਬ ਤੋਂ ਸਟੱਡੀ ਵੀਜ਼ੇ 'ਤੇ ਆਏ ਇੱਕ ਲੜਕੇ ਅਤੇ ਲੜਕੀ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਹਾਂ ਦੀ ਪਛਾਣ ਜਗਦੀਪ ਸੀਹਰਾ (20) ਅਤੇ ਗੁਨੀਕ ਜਵੰਦਾ ਵਜੋਂ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਬਰੈਂਪਟਨ ਦੇ ਰਹਿਣ ਵਾਲੇ ਦੋਵੇਂ ਦੋ ਕੁ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਆਏ ਸੀ। ਪੀਲ ਪੁਲੀਸ ਅਨੁਸਾਰ ਮੁੰਡੇ ਵਿਰੁੱਧ ਵੱਖ ਵੱਖ ਸੱਤ ਦੋਸ਼ ਅਤੇ ਲੜਕੀ ਵਿਰੁੱਧ ਪੰਜ ਦੋਸ਼ ਆਇਦ ਕੀਤੇ ਗਏ ਹਨ। ਪੁਲੀਸ ਨੇ ਦੱਸਿਆ

ਕਿ ਲੜਕਾ ਨਾਜਾਇਜ਼ ਬੰਦੂਕ ਮਾਮਲੇ 'ਚ ਪਹਿਲਾਂ ਹੀ ਜ਼ਮਾਨਤ 'ਤੇ ਸੀ, ਅਤੇ ਅਦਾਲਤ ਵਲੋਂ ਉਸ 'ਤੇ ਅਸਲਾ ਅਤੇ ਸ਼ਰਾਬ ਤੋਂ ਦੂਰ ਰਹਿਣ ਦੀਆਂ ਜ਼ਮਾਨਤੀ ਸ਼ਰਤਾਂ ਆਇਦ ਸਨ ਜਦ ਕਿ ਲੜਕੀ ਹਾਲੇ ਕੁਝ ਹੀ ਮਹੀਨੇ ਪਹਿਲਾਂ ਹੀ ਬਾਲਗ ਹੋਈ ਸੀ।

ਪੁਲੀਸ ਬੁਲਾਰੇ ਨੇ ਦੱਸਿਆ ਕਿ ਉਨ੍ਹਾਂ ਕੋਲ ਸ਼ਿਕਾਇਤਾਂ ਸਨ ਕਿ ਬਰੈਮਲੀ ਸੈਂਟਰ ਮਾਲ ਦੀ ਪਾਰਕਿੰਗ 'ਚ ਗ਼ੈਰ ਸਮਾਜੀ ਅਨਸਰਾਂ ਗ਼ਲਤ ਹਰਕਤਾਂ ਕਰਦੇ ਹਨ। ਇਸੇ ਵਾਸਤੇ ਉੱਥੇ ਖੜ੍ਹੇ ਸ਼ੱਕੀ ਵਾਹਨਾਂ ਦੀ ਪੜਤਾਲ ਕੀਤੀ ਜਾ ਰਹੀ ਸੀ ਤਾਂ ਦੋਵਾਂ ਨੂੰ ਕਾਲੇ ਰੰਗ ਦੇ ਪਿੱਕ ਅੱਪ 'ਚ ਸ਼ਰਾਬ ਪੀਂਦੇ ਵੇਖਿਆ ਗਿਆ। ਤਲਾਸ਼ੀ ਦੌਰਾਨ ਕਾਰ 'ਚੋਂ ਭਰੀ ਹੋਈ ਇੱਕ ਨਾਜਾਇਜ਼ ਪਿਸਤੌਲ ਵੀ ਮਿਲੀ। ਪੁਲੀਸ ਅਨੁਸਾਰ ਉਨ੍ਹਾਂ ਤੋਂ ਇਹ ਪੁੱਛਗਿੱਛ ਕੀਤੀ ਜਾਏਗੀ ਕਿ ਉਹ ਕੋਈ ਵਾਰਦਾਤ ਕਰਨ ਲਈ ਉੱਥੇ ਸਾਜ਼ਿਸ਼ ਤਾਂ ਨਹੀਂ ਸੀ ਘੜ ਰਹੇ।

ਬੰਗਲਾਦੇਸ਼ ਤੋਂ ਭਾਰਤ 'ਤੇ ਹਮਲਾ ਕਰਨਾ ਚਾਹੁੰਦਾ ਸੀ ਹਾਫ਼ਿਜ਼ ਸਾਈਦ

ਕਰਾਚੀ: ਸੋਸ਼ਲ ਮੀਡੀਆ 'ਤੇ ਪਾਕਿਸਤਾਨ ਦੀ ਇੱਕ ਵੀਡੀਓ ਸਾਹਮਣੇ ਆਈ ਹੈ ਜਿਸ 'ਚ ਲਸ਼ਕਰ-ਏ-ਤੋਇਬਾ ਦੇ ਕਮਾਂਡਰ ਸੈਫ਼ੁੱਲਾ ਨੇ ਦਾਅਵਾ ਕੀਤਾ ਹੈ ਕਿ ਹਾਫ਼ਿਜ਼ ਸਈਦ ਬੰਗਲਾਦੇਸ਼ ਤੋਂ ਭਾਰਤ 'ਤੇ ਹਮਲਾ ਕਰਨਾ ਚਾਹੁੰਦਾ ਸੀ। ਸੈਫ਼ੁੱਲਾ ਦੀ ਇੱਕ ਵੀਡੀਓ ਸਾਹਮਣੇ ਆਈ ਹੈ ਜੋ ਕਿ 30 ਅਕਤੂਬਰ ਨੂੰ ਪਾਕਿਸਤਾਨ ਦੇ ਖ਼ੈਰਪੁਰ ਤਾਮੀਵਾਲੀ ਦੀ ਦੱਸੀ ਜਾ ਰਹੀ ਹੈ।

ਸਰਹੱਦ ਪਾਰ ਦੇ ਸੂਤਰਾਂ ਅਨੁਸਾਰ ਸੈਫ਼ੁੱਲਾ ਨੇ ਇੱਕ ਰੈਲੀ 'ਚ ਭਾਰਤ 'ਤੇ ਹਮਲਾ ਕਰਨ ਦੀ

ਪਲਾਨਿੰਗ ਦਾ ਖ਼ੁਲਾਸਾ ਕੀਤਾ ਹੈ। ਇੱਕ ਵੀਡੀਓ 'ਚ ਉਹ ਇਹ ਕਹਿੰਦਾ ਦਿਖਾਈ ਦੇ ਰਿਹਾ ਹੈ ਕਿ ਹਾਫ਼ਿਜ਼ ਸਈਦ ਹੁਣ ਬੰਗਲਾਦੇਸ਼ ਰਾਹੀਂ ਭਾਰਤ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਵਾਇਰਲ ਵੀਡੀਓ 'ਚ ਲਸ਼ਕਰ ਕਮਾਂਡਰ ਸੈਫ਼ੁੱਲਾ ਸੈਫ਼ ਦਾਅਵਾ ਕਰਦਾ ਦਿਖਾਈ ਦੇ ਰਿਹਾ ਹੈ ਕਿ ਹਾਫ਼ਿਜ਼ ਸਈਦ ਭਾਰਤ ਵਿਰੁੱਧ ਸਾਜ਼ਿਸ਼ ਰਚਣ 'ਚ ਰੁੱਝਿਆ ਹੋਇਆ ਹੈ, ਅਤੇ ਬੰਗਲਾਦੇਸ਼ ਰਾਹੀਂ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ। ਸੈਫ਼ੁੱਲਾ ਨੇ ਅੱਗੇ ਕਿਹਾ ਕਿ ਪੂਰਬੀ ਪਾਕਿਸਤਾਨ ਭਾਵ ਅੱਜ ਦੇ ਬੰਗਲਾਦੇਸ਼ 'ਚ ਮੌਜੂਦ ਉਸ ਦੇ ਸਮਰਥਕ ਸਰਗਰਮ ਹਨ ਅਤੇ ਭਾਰਤ 'ਤੇ ਹਮਲਾ ਕਰਨ ਦੇ ਆਦੇਸ਼ਾਂ ਦੀ ਉਡੀਕ ਕਰ ਰਹੇ ਹਨ।

ਮਰਦਾਨਾ ਕਮਜ਼ੋਰੀ 416-992-5489
ਡਾਲਰ ਦਾ ਵਧੀਆ ਰੇਟ? 778-246-2500
KEY CUTTING AND PROGRAMMING 236-999-7980
ਮਰਦਾਨਾ ਕਮਜ਼ੋਰੀ 416-992-5489
ਸਸਤਾ ਹਵਾਈ ਸਫ਼ਰ 604-217-4114
KEY CUTTING AND PROGRAMMING 236-999-7980
ਡਾਲਰ ਦਾ ਵਧੀਆ ਰੇਟ? 778-246-2500
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222

ਮਰਦਾਨਾ ਕਮਜ਼ੋਰੀ 416-992-5489
KEY CUTTING AND PROGRAMMING 236-999-7980
ਬੈੱਡ ਬੱਗਜ਼ ਖ਼ਤਮ 604-999-7378
ਸਸਤਾ ਹਵਾਈ ਸਫ਼ਰ 604-217-4114
ਮਰਦਾਨਾ ਕਮਜ਼ੋਰੀ 416-992-5489
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
ਵਿਜ਼ਟਰ ਇੰਸ਼ੋਰੈਂਸ 778-317-6262
ਸਸਤਾ ਹਵਾਈ ਸਫ਼ਰ 604-217-4114

ਚੀਨ ਦੀ PLA ਬਣੀ ਸੁਪਰ ਫ਼ੋਰਸ



ਬੀਜਿੰਗ: ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ (PLA) ਨੇ ਹਾਲ ਹੀ ਦੇ ਸਾਲਾਂ 'ਚ ਜਿਸ ਤੇਜ਼ੀ ਨਾਲ ਆਧੁਨਿਕੀਕਰਣ ਕੀਤਾ ਹੈ, ਉਸ ਨੇ ਨਾ ਸਿਰਫ਼ ਏਸ਼ੀਆ ਬਲਕਿ US ਤਕ ਦੀ ਚਿੰਤਾ ਵਧਾ ਦਿੱਤੀ ਹੈ। US ਥਿੰਕ ਟੈਂਕ ਸੈਂਟਰ ਫ਼ੌਰ ਸਟ੍ਰੈਟੀਜਿਕ ਐਂਡ ਇੰਟਰਨੈਸ਼ਨਲ ਸਟੱਡੀਜ਼ (CSIS) ਦੀ ਨਵੀਂ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਚੀਨ ਦੀ ਫ਼ੌਜੀ ਤਾਕਤ ਹੁਣ ਵਿਸ਼ਵ ਪੱਧਰ 'ਤੇ ਅਮਰੀਕਾ ਲਈ ਸਭ ਤੋਂ ਵੱਡੇ ਪੇਸਿੰਗ ਥ੍ਰੈੱਟ (Pacing Threat) ਵਜੋਂ ਉੱਭਰ ਰਹੀ ਹੈ।

ਜਿਨਪਿੰਗ ਅਧੀਨ ਵੱਡੇ ਸੁਧਾਰ: ਰਿਪੋਰਟ ਅਨੁਸਾਰ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ 2012 'ਚ ਸੱਤਾ ਸੰਭਾਲਣ ਤੋਂ ਬਾਅਦ PLA 'ਚ ਵੱਡੇ ਪੱਧਰ 'ਤੇ ਸੁਧਾਰ ਕੀਤੇ ਹਨ ਜਿਸ 'ਚ ਅਨੁਸ਼ਾਸਨ, ਤਕਨੀਕੀ ਉੱਨਤੀ ਅਤੇ ਰੱਖਿਆ ਖ਼ਰਚ ਨੂੰ ਪਹਿਲ ਦਿੱਤੀ ਗਈ ਹੈ। CSIS ਦੀ ਰਿਪੋਰਟ ਦੱਸਦੀ ਹੈ ਕਿ ਚੀਨ ਦਾ ਰੱਖਿਆ ਬਜਟ ਪਿਛਲੇ 30 ਸਾਲਾਂ 'ਚ 13 ਗੁਣਾ ਵੱਧ ਚੁੱਕਾ ਹੈ। 1995 'ਚ ਇਹ ਕੁਝ ਅਰਬ ਡਾਲਰ ਸੀ ਜੋ 2025 'ਚ ਵੱਧ ਕੇ 247 ਅਰਬ ਅਮਰੀਕੀ ਡਾਲਰ (ਚੀਨ ਦਾ ਅਧਿਕਾਰਿਕ ਅੰਕੜਾ) ਹੋ ਗਿਆ ਹੈ। ਰਿਪੋਰਟਾਂ ਅਨੁਸਾਰ 2024 ਤਕ ਚੀਨ ਦਾ ਰੱਖਿਆ ਖ਼ਰਚ ਅਮਰੀਕਾ ਦੇ ਰੱਖਿਆ ਖ਼ਰਚ ਦਾ ਇੱਕ-ਤਿਹਾਈ ਹੋ ਗਿਆ ਹੈ।

ਸਮੁੰਦਰ ਤੇ ਅਸਮਾਨ 'ਚ ਦਬਦਬਾ: PLA ਨੇਵੀ (PLAN) ਹੁਣ ਦੁਨੀਆਂ ਦੀ ਸਭ ਤੋਂ ਵੱਡੀ ਜਲ ਸੈਨਾ ਬਣ ਚੁੱਕੀ ਹੈ। ਵਰਤਮਾਨ 'ਚ ਚੀਨ ਕੋਲ 350 ਯੁੱਧਪੋਤ ਹਨ ਜਦੋਂ ਕਿ US ਕੋਲ ਲਗਭਗ 290 ਹਨ। CSIS ਦਾ ਅੰਦਾਜ਼ਾ ਹੈ ਕਿ 2030 ਤਕ ਚੀਨ ਦੇ ਕੋਲ 435 ਜਹਾਜ਼ਾਂ ਦਾ ਬੇੜਾ ਹੋਵੇਗਾ। ਇਸ ਦੇ ਨਾਲ ਹੀ PLA ਏਅਰਫ਼ੋਰਸ ਅਤੇ ਨੇਵੀ ਦੋਵੇਂ ਆਪਣੇ ਕੌਮਬੈਟ ਏਅਰਕ੍ਰਾਫ਼ਟ ਬੇੜੇ 'ਚ ਮਹੱਤਵਪੂਰਣ ਵਾਧਾ ਕਰ ਚੁੱਕੇ ਹਨ। ਚੀਨ ਹੁਣ ਦੋ ਫ਼ਿਫ਼ਥ-ਜੈਨਰੇਸ਼ਨ ਫ਼ਾਈਟਰ ਜੈੱਟਸ J-20 ਅਤੇ J-35KJ-35A ਦਾ ਸੰਚਾਲਨ ਕਰ ਰਿਹਾ ਹੈ ਅਤੇ ਅਮਰੀਕਾ ਵਾਂਗ ਹੀ ਸਿਕਸਥ-ਜੈਨਰੇਸ਼ਨ ਫ਼ਾਈਟਰ ਜੈੱਟਸ ਦੀ ਜਾਂਚ ਵੀ ਕਰ ਰਿਹਾ ਹੈ।

ਪ੍ਰਮਾਣੂ ਤੇ ਸਾਈਬਰ ਸ਼ਕਤੀ: ਰਿਪੋਰਟ 'ਚ ਇਹ ਵੀ ਖ਼ੁਲਾਸਾ ਕੀਤਾ ਗਿਆ ਹੈ ਕਿ ਚੀਨ ਆਪਣੇ ਪ੍ਰਮਾਣੂ ਹਥਿਆਰਾਂ ਦੇ ਭੰਡਾਰ ਨੂੰ ਤੇਜ਼ੀ ਨਾਲ ਵਧਾ ਰਿਹਾ ਹੈ। ਚੀਨ ਕੋਲ ਹੁਣ ਸੈਂਕੜੇ ਇੰਟਰਕੌਂਟੀਨੈਂਟਲ ਬੈਲਿਸਟਿਕ ਮਿਜ਼ਾਈਲਾਂ (ICBM) ਹਨ। ਉਸ ਨੇ ਹਾਈਪਰਸੌਨਿਕ ਹਥਿਆਰਾਂ ਅਤੇ ਸੈਟੇਲਾਈਟ ਕਿਲਰ ਸਿਸਟਮਜ਼ 'ਚ ਵੀ ਭਾਰੀ ਨਿਵੇਸ਼ ਕੀਤਾ ਹੈ।

ਰਿਪੋਰਟ ਅਨੁਸਾਰ ਸਾਈਬਰ ਯੁੱਧ ਅਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ 'ਚ ਚੀਨ ਦੀ ਸਮਰੱਥਾ ਹੁਣ US ਅਤੇ ਰੂਸ ਦੇ ਬਰਾਬਰ ਪਹੁੰਚ ਰਹੀ ਹੈ।

ਇੰਡੋ-ਪੈਸੇਫ਼ਿਕ 'ਤੇ ਅਸਰ: ਇੰਡੋ-ਪੈਸੇਫ਼ਿਕ ਖੇਤਰ 'ਚ ਚੀਨ ਹੁਣ ਅਮਰੀਕੀ ਸਹਿਯੋਗੀਆਂ ਜਿਵੇਂ ਕਿ ਜਾਪਾਨ (ਪੰਜ ਗੁਣਾ), ਦੱਖਣੀ ਕੋਰੀਆ (ਸੱਤ ਗੁਣਾ) ਅਤੇ ਤਾਈਵਾਨ ਨਾਲੋਂ ਕਈ ਦਰਜਨ ਗੁਣਾ ਵੱਧ ਖ਼ਰਚ ਕਰ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਸ਼ੀ ਜਿਨਪਿੰਗ ਦਾ ਟੀਚਾ 2049 ਤਕ ਚੀਨ ਨੂੰ ਵਿਸ਼ਵ ਦੀ ਸਿਖਰਲੀ ਫ਼ੌਜੀ ਸ਼ਕਤੀ ਬਣਾਉਣਾ ਹੈ ਤਾਂ ਜੋ ਉਹ ਅਮਰੀਕੀ ਪ੍ਰਭੂਤਵ ਨੂੰ ਚੁਣੌਤੀ ਦੇ ਸਕੇ।

ਰੂਸ ਦਾ ਦਾਅਵਾ: US ਨੂੰ ਜੰਗੀ ਟੀਮ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ 'ਚ UK

ਮੌਸਕੋ: ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਕਿਹਾ ਕਿ ਯੂਕ੍ਰੇਨ ਸੰਕਟ ਦੇ ਸ਼ਾਂਤੀਪੂਰਣ ਹੱਲ ਲਈ ਜ਼ਲੈਂਸਕੀ ਅਤੇ NATO ਸਹਿਯੋਗੀਆਂ ਨੂੰ ਮਨਾਉਣ 'ਚ US ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਾਵਰੋਵ ਦੀ ਇਹ ਟਿੱਪਣੀ ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੂਤਿਨ ਅਤੇ US ਦੇ ਰਾਸ਼ਟਰਪਤੀ ਡੌਨਲਡ ਟਰੰਪ ਵਿਚਕਾਰ ਸਿਖਰ ਵਾਰਤਾ ਦੀਆਂ ਅਸਫ਼ਲ ਕੋਸ਼ਿਸ਼ਾਂ ਦੇ ਕੁਝ ਹਫ਼ਤਿਆਂ ਬਾਅਦ ਆਈ ਹੈ।

ਦੋਵੇਂ ਨੇਤਾਵਾਂ ਵਿਚਕਾਰ ਅਲਾਸਕਾ ਦੇ ਐਂਕਰੇਜ 'ਚ ਵਾਰਤਾ 'ਚ ਰੂਸ-ਯੂਕ੍ਰੇਨ ਸੰਘਰਸ਼ ਨੂੰ ਖ਼ਤਮ ਕਰਨ ਲਈ ਕੋਈ ਸਹਿਮਤੀ ਨਹੀਂ ਸੀ ਬਣੀ। ਲਾਵਰੋਵ ਨੇ ਕਿਹਾ ਕਿ ਅਮਰੀਕਾ ਨੇ ਉਸ ਸਮੇਂ (ਅਲਾਸਕਾ ਸਿਖਰ ਸੰਮੇਲਨ) 'ਚ ਸਾਨੂੰ ਭਰੋਸਾ ਦਿੱਤਾ ਸੀ ਕਿ ਉਹ ਇਹ ਯਕੀਨੀ ਕਰਨਗੇ ਕਿ ਯੂਕ੍ਰੇਨ ਦੇ ਰਾਸ਼ਟਰਪਤੀ ਜ਼ੈਲੇਂਸਕੀ ਸ਼ਾਂਤੀ ਦੀਆਂ ਕੋਸ਼ਿਸ਼ਾਂ 'ਚ ਰੁਕਾਵਟ ਨਹੀਂ ਪਾਉਣਗੇ। ਜ਼ਾਹਿਰ ਹੈ ਕਿ ਇਸ ਮੁੱਦੇ 'ਤੇ ਕੁਝ ਮੁਸ਼ਕਿਲਾਂ ਪੈਦਾ ਹੋ ਗਈਆਂ ਹਨ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਜਿੱਥੋਂ ਤਕ ਸਾਨੂੰ ਜਾਣਕਾਰੀ ਹੈ NATO ਅਤੇ ਬ੍ਰਿਟੇਨ, ਅਮਰੀਕਾ ਨੂੰ ਇਸ ਗੱਲ ਲਈ ਰਾਜ਼ੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਹ ਰਾਜਨੀਤਿਕ ਅਤੇ ਕੂਟਨੀਤਿਕ ਤਰੀਕਿਆਂ ਨਾਲ ਸੰਕਟ ਨੂੰ ਹੱਲ ਕਰਨ ਦੇ ਆਪਣੇ ਇਰਾਦੇ ਨੂੰ ਛੱਡ ਦੇਣ ਅਤੇ ਰੂਸ 'ਤੇ ਫ਼ੌਜੀ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ 'ਚ ਪੂਰੀ ਤਰ੍ਹਾਂ ਸ਼ਾਮਿਲ ਹੋ ਜਾਣ, ਮਤਲਬ ਉਹ ਜੰਗੀ ਟੀਮ ਦਾ ਹਿੱਸਾ ਬਣ ਜਾਣ। ਲਾਵਰੋਵ ਨੇ ਇਹ ਵੀ ਕਿਹਾ ਕਿ ਐਂਕਰੇਜ 'ਚ ਸਿਖਰ ਸੰਮੇਲਨ 'ਚ ਹੋਏ ਸਮਝੌਤੇ ਦੇ ਬਾਵਜੂਦ ਮੌਸਕੋ ਆਪਣੇ ਮੂਲ ਸਿਧਾਂਤਾਂ 'ਤੇ ਅਡਿਗ ਹੈ। ਰੂਸ ਦੀ ਖੇਤਰੀ ਅਖੰਡਤਾ ਅਤੇ ਕ੍ਰਿਮੀਆ, ਡੋਨਬਾਸ ਅਤੇ ਨੋਵੋਰਸੀਆ ਦੇ ਨਿਵਾਸੀਆਂ ਦੀ ਪਸੰਦ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ।

ਅਮਰੀਕਾ ਅਤੇ ਚੀਨ ਦੇ ਆਰਥਿਕ ਅੰਕੜਿਆਂ ਤੋਂ ਪਹਿਲਾਂ ਸੋਨੇ ਦੀਆਂ ਕੀਮਤਾਂ 'ਚ ਜਾਰੀ ਰਹੇਗਾ ਸੁਧਾਰ

ਨਵੀਂ ਦਿੱਲੀ: ਅਮਰੀਕੀ ਮਹਿੰਗਾਈ ਦੇ ਅੰਕੜਿਆਂ, ਵਪਾਰ ਟੈਕਸ ਨੂੰ ਲੈ ਕੇ ਜਾਰੀ ਬੇਯਕੀਨੀਆਂ ਅਤੇ ਚੀਨ ਦੇ ਮੁੱਖ ਆਰਥਿਕ ਅੰਕੜਿਆਂ ਤੋਂ ਪਹਿਲਾਂ ਆਉਣ ਵਾਲੇ ਹਫ਼ਤੇ 'ਚ ਸੋਨੇ ਦੀਆਂ ਕੀਮਤਾਂ 'ਚ ਸੁਧਾਰ ਜਾਰੀ ਰਹਿਣ ਦੀ ਉਮੀਦ ਹੈ। ਵਿਸ਼ਲੇਸ਼ਕਾਂ ਨੇ ਇਹ ਅੰਦਾਜ਼ਾ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਕਾਰੋਬਾਰੀ ਮੁਦਰਾ ਨੀਤੀ ਬਾਰੇ ਸਪੱਸ਼ਟਤਾ ਲਈ ਅਮਰੀਕੀ ਫ਼ੈੱਡਰਲ ਰੀਜ਼ਰਵ ਦੇ ਅਧਿਕਾਰੀਆਂ ਦੀਆਂ ਟਿੱਪਣੀਆਂ 'ਤੇ ਵੀ ਸਖ਼ਤ ਨਜ਼ਰ ਰੱਖੀ ਜਾਵੇਗੀ। ਇਸ ਨਾਲ ਨਜ਼ਦੀਕੀ ਭਵਿੱਖ 'ਚ ਸਰਾਫ਼ਾ ਕੀਮਤਾਂ ਦੀ ਦਿਸ਼ਾ ਤੈਅ ਹੋਣ ਦੀ ਸੰਭਾਵਨਾ ਹੈ।

ਜੇ. ਐੱਮ. ਫ਼ਾਈਨੈਂਸ਼ਲ ਸਰਵਿਸਿਜ਼ ਲਿਮਟਿਡ ਦੇ EBJ-Commodity & Currency Research ਦੇ ਵਾਈਸ ਪ੍ਰੈਜ਼ੀਡੈਂਟ ਪ੍ਰਣਵ ਮੇਰ ਨੇ ਕਿਹਾ, "ਸੋਨੇ ਦੀਆਂ ਕੀਮਤਾਂ 'ਚ ਸਿਹਤਮੰਦ ਗਿਰਾਵਟ ਜਾਂ ਹੋਰ ਸੁਧਾਰ ਦੀ ਉਮੀਦ ਹੈ ਕਿਉਂਕਿ ਸਾਰਿਆਂ ਦਾ ਧਿਆਨ ਮਹਿੰਗਾਈ ਦੇ ਅੰਕੜਿਆਂ, ਟੈਕਸ 'ਤੇ ਅਮਰੀਕੀ ਸੁਪਰੀਮ ਕੋਰਟ ਦੀ ਸੁਣਵਾਈ ਅਤੇ ਫ਼ੈੱਡ ਅਧਿਕਾਰੀਆਂ ਦੇ ਭਾਸ਼ਣਾਂ ਅਤੇ ਚੀਨੀ ਅੰਕੜਿਆਂ 'ਤੇ ਰਹੇਗਾ।"

ਉਨ੍ਹਾਂ ਕਿਹਾ ਕਿ ਸੋਨੇ ਦੀਆਂ ਕੀਮਤਾਂ ਇਸ ਹਫ਼ਤੇ ਥੋੜ੍ਹੀਆਂ ਘਟੀਆਂ ਪਰ ਇਹ ਧਾਤੂ ਮੁੱਖ ਤੌਰ 'ਤੇ ਇੱਕ ਸੀਮਿਤ ਘੇਰੇ 'ਚ ਹੀ ਰਹੀ। ਮਜ਼ਬੂਤ ਡਾਲਰ ਅਤੇ ਸੁਸਤ ਭੌਤਿਕ ਮੰਗ ਕਾਰਨ ਇਸ ਦੀ ਤੇਜ਼ੀ ਸੀਮਿਤ ਰਹੀ। ਪ੍ਰਚੂਨ ਖ਼ਰੀਦਦਾਰ ਕੀਮਤਾਂ 'ਚ ਹੋਰ ਗਿਰਾਵਟ ਦੇ ਖ਼ਦਸ਼ੇ ਕਾਰਨ ਬਾਜ਼ਾਰ ਤੋਂ ਦੂਰ ਹਨ।ਮਲਟੀ ਕਮੋਡਿਟੀ ਐਕਸਚੇਂਜ (MCX) 'ਤੇ ਦਸੰਬਰ ਡਲਿਵਰੀ ਵਾਲੇ ਸੋਨੇ ਦਾ ਵਾਅਦਾ ਭਾਅ ਪਿਛਲੇ ਹਫ਼ਤੇ 165 ਰੁਪਏ ਜਾਂ 0.14 ਫ਼ੀਸਦੀ ਦੀ ਗਿਰਾਵਟ ਨਾਲ 121,067 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ।

ਏਂਜਲ ਵਨ ਦੇ DVP (ਖੋਜ, ਗ਼ੈਰ-ਖੇਤੀਬਾੜੀ ਜਿਣਸ ਅਤੇ ਮੁਦਰਾ) ਪ੍ਰਥਮੇਸ਼ ਮਾਲਿਆ ਨੇ ਕਿਹਾ, "ਇਸ ਦੌਰਾਨ MCX 'ਤੇ ਸੋਨੇ ਦਾ ਵਾਅਦਾ ਭਾਅ 117,000-122,000 ਰੁਪਏ ਪ੍ਰਤੀ 10 ਗ੍ਰਾਮ ਦੇ ਘੇਰੇ 'ਚ ਰਿਹਾ।

ਅਮਰੀਕੀ ਕਿਰਤ ਬਾਜ਼ਾਰ ਦੀ ਕਮਜ਼ੋਰ ਰਿਪੋਰਟ, ਸੁਰੱਖਿਅਤ ਨਿਵੇਸ਼ ਦੀ ਮੰਗ, ਅਮਰੀਕਾ 'ਚ ਵਿਆਜ ਦਰਾਂ 'ਚ ਕਟੌਤੀ ਦੀ ਉਮੀਦ ਅਤੇ ਕੇਂਦਰੀ ਬੈਂਕ ਦੀ ਖ਼ਰੀਦਦਾਰੀ ਨਾਲ ਨਜ਼ਦੀਕੀ ਭਵਿੱਖ 'ਚ ਸੋਨੇ ਦੀ ਕੀਮਤ ਪ੍ਰਭਾਵਿਤ ਹੋ ਸਕਦੀ ਹੈ।" ਉਨ੍ਹਾਂ ਅੱਗੇ ਕਿਹਾ, "ਸੋਨਾ 1979 ਤੋਂ ਬਾਅਦ ਆਪਣੀ ਸਾਲਾਨਾ ਵਾਧੇ ਦੀ ਰਾਹ 'ਤੇ ਹੈ ਅਤੇ ਜੇਕਰ ਮੌਜੂਦਾ ਬੁਨਿਆਦੀ ਕਾਰਕ ਪ੍ਰਭਾਵਸ਼ਾਲੀ ਰਹੇ ਤਾਂ ਜਲਦ ਹੀ ਸੋਨੇ ਦੀਆਂ ਕੀਮਤਾਂ 'ਚ ਹੋਰ ਤੇਜ਼ੀ ਆ ਸਕਦੀ ਹੈ।"

ਮਰਦਾਨਾ ਕਮਜ਼ੋਰੀ 416-992-5489
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
KEY CUTTING AND PROGRAMMING 236-999-7980
ਮਰਦਾਨਾ ਕਮਜ਼ੋਰੀ 416-992-5489
ਸਸਤਾ ਹਵਾਈ ਸਫ਼ਰ 604-217-4114
KEY CUTTING AND PROGRAMMING 236-999-7980
ਡਾਲਰ ਦਾ ਵਧੀਆ ਰੇਟ? 778-246-2500
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222

98 ਹਜ਼ਾਰ ਭਾਰਤੀ ਵਿਦਿਆਰਥੀਆਂ ਦੇ ਵੀਜ਼ਿਆਂ ਦੀ ਜਾਂਚ ਕਰੇਗਾ UK

ਲੰਡਨ: ਅਮਰੀਕਾ ਵਲੋਂ ਗ਼ੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਮਗਰੋਂ ਹੁਣ ਬ੍ਰਿਟਨ ਨੇ ਵੀ ਪਰਵਾਸੀਆਂ ਖ਼ਿਲਾਫ਼ ਸਖ਼ਤ ਰੁਖ਼ ਅਖ਼ਤਿਆਰ ਕਰ ਲਿਆ ਹੈ। \

ਪ੍ਰਧਾਨ ਮੰਤਰੀ ਕੀਰ ਸਟਾਰਮਰ ਪ੍ਰਸ਼ਾਸਨ ਦੇ ਨਵੇਂ ਆਦੇਸ਼ਾਂ ਤਹਿਤ ਲਗਭਗ 98 ਹਜ਼ਾਰ ਭਾਰਤੀ ਵਿਦਿਆਰਥੀਆਂ ਦੇ ਵੀਜ਼ਿਆਂ ਦੀ ਜਾਂਚ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਪ੍ਰਸ਼ਾਸਨ ਵਲੋਂ ਇਹ ਫ਼ੈਸਲਾ ਕਈ ਕੰਮ ਵਾਲੀਆਂ ਥਾਵਾਂ 'ਤੇ ਵਿਦਿਆਰਥੀਆਂ ਦੇ ਗ਼ੈਰ-ਕਾਨੂੰਨੀ ਤੌਰ 'ਤੇ ਕੰਮ ਕਰਦੇ ਫ਼ੜੇ ਜਾਣ ਤੋਂ ਬਾਅਦ ਲਿਆ ਗਿਆ ਹੈ।

ਇਸ ਫ਼ੈਸਲੇ ਮਗਰੋਂ ਲਗਭਗ 98 ਹਜ਼ਾਰ ਭਾਰਤੀ ਵਿਦਿਆਰਥੀ ਇਮੀਗ੍ਰੇਸ਼ਨ ਵਿਭਾਗ ਦੇ ਰੇਡਾਰ 'ਤੇ ਆ ਗਏ ਹਨ। ਜਾਂਚ ਏਜੰਸੀਆਂ ਨੂੰ ਸਟੂਡੈਂਟ ਵੀਜ਼ੇ ਦੀ ਆੜ ਹੇਠ ਮਨੁੱਖੀ ਤਸਕਰੀ ਦੇ ਕਈ ਮਾਮਲੇ ਵੀ ਮਿਲੇ ਹਨ। ਇਹ ਲੋਕ ਏਜੰਟਾਂ ਰਾਹੀਂ ਸਟੂਡੈਂਟ ਵੀਜ਼ਿਆਂ 'ਤੇ ਬ੍ਰਿਟੇਨ ਆਉਂਦੇ ਹਨ, ਅਤੇ ਕੁਝ ਮਹੀਨਿਆਂ ਬਾਅਦ ਹੀ ਉਹ ਪੜ੍ਹਾਈ ਛੱਡ ਦਿੰਦੇ ਹਨ ਅਤੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ। ਇਹ ਲੋਕ ਜਾਂਚ ਤੋਂ ਬਚਣ ਲਈ ਆਪਣੀ ਤਨਖਾਹ ਵੀ ਕੈਸ਼ 'ਚ ਲੈਂਦੇ ਹਨ।

ਅੰਕੜਿਆਂ ਮੁਤਾਬਿਕ 2020 'ਚ 20 ਹਜ਼ਾਰ ਤੋਂ ਵੱਧ ਭਾਰਤੀ ਵਿਦਿਆਰਥੀ ਬ੍ਰਿਟੇਨ 'ਚ ਓਵਰਸਟੇਅ ਕਰ ਰਹੇ ਸਨ ਜਿਨ੍ਹਾਂ 'ਚੋਂ ਵੱਡੀ ਗਿਣਤੀ 'ਚ ਹੁਣ ਲਾਪਤਾ ਹੋ ਚੁੱਕੇ ਹਨ। ਇਮੀਗ੍ਰੇਸ਼ਨ UK ਮੁਤਾਬਿਕ ਓਵਰਸਟੇਅ ਕਰਨ ਵਾਲਿਆਂ 'ਚ ਸਭ ਤੋਂ ਵੱਧ ਗਿਣਤੀ ਦੱਖਣੀ ਏਸ਼ੀਆਈ ਲੋਕਾਂ ਦੀ ਹੈ ਜਿਨ੍ਹਾਂ 'ਚ ਮੁੱਖ ਤੌਰ 'ਤੇ ਵਿਦਿਆਰਥੀ ਵੀਜ਼ੇ ਵਾਲੇ ਅਤੇ ਉਸ ਤੋਂ ਬਾਅਦ ਟੂਰਿਸਟ ਵੀਜ਼ਾ ਹੋਲਡਰਜ਼ ਸ਼ਾਮਿਲ ਹਨ।

ਜਹਾਜ਼ ਚੜ੍ਹਨ ਲੱਗਿਆਂ ਵੀ ਰੱਦ ਹੋ ਸਕਦੇ ਨੇ Canadian ਵੀਜ਼ੇ

ਟੋਰੌਂਟੋ: ਕੈਨੇਡਾ ਨੇ ਹਾਲ ਹੀ 'ਚ ਆਪਣੀਆਂ ਇਮੀਗ੍ਰੇਸ਼ਨ ਗਾਈਡਲਾਈਨਜ਼ ਨੂੰ ਅਪਡੇਟ ਕਰ ਦਿੱਤਾ ਹੈ ਜਿਸ ਤਹਿਤ ਅਧਿਕਾਰੀਆਂ ਨੂੰ ਪਹਿਲਾਂ ਹੀ ਜਾਰੀ ਹੋ ਚੁੱਕੇ ਵਿਜ਼ਟਰ ਵੀਜ਼ੇ, ਸਟੱਡੀ ਪਰਮਿਟਸ ਅਤੇ ਵਰਕ ਪਰਮਿਟ ਰੱਦ ਕਰਨ ਦੀ ਸ਼ਕਤੀ ਦੇ ਦਿੱਤੀ ਗਈ ਹੈ। ਇਹ ਬਦਲਾਅ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਇਮੀਗ੍ਰੇਸ਼ਨ ਸ਼ਰਤਾਂ ਦੀ ਲਗਾਤਾਰ ਪਾਲਣਾ ਜ਼ਰੂਰੀ ਹੈ ਜਿਸ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਬਾਰ-ਬਾਰ ਆਉਣ ਵਾਲੇ ਯਾਤਰੀਆਂ 'ਤੇ ਖ਼ਾਸ ਤੌਰ 'ਤੇ ਅਸਰ ਪਵੇਗਾ।

ਇਮੀਗ੍ਰੇਸ਼ਨ, ਰੈਫ਼ਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (IRCC) ਨੇ 4 ਨਵੰਬਰ 2025 ਨੂੰ ਆਪਣੀ ਔਪਰੇਸ਼ਨਲ ਗਾਈਡੈਂਸ ਨੂੰ ਅਪਡੇਟ ਕੀਤਾ। ਇਹ ਬਦਲਾਅ, ਜੋ ਕਿ ਇਸ ਸਾਲ ਦੇ ਸ਼ੁਰੂ 'ਚ ਲਾਗੂ ਕੀਤੇ ਗਏ ਰੈਗੂਲੇਟਰੀ ਢਾਂਚੇ ਦਾ ਹਿੱਸਾ ਹੈ, ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਸਿਸਟਮ ਹੁਣ ਸਿਰਫ਼ ਇੱਕ ਵਾਰ ਦੀ ਮਨਜ਼ੂਰੀ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਬਜਾਏ ਲਗਾਤਾਰ ਪਾਲਣਾ ਦੀ ਮੰਗ ਕਰਦਾ ਹੈ।

ਇਹ ਨਵੇਂ ਨਿਯਮ ਜੂਨ 2024 'ਚ ਪੇਸ਼ ਕੀਤੇ ਗਏ ਸਨ ਅਤੇ ਫ਼ਰਵਰੀ 2025 'ਚ ਲਾਗੂ ਕੀਤੇ ਗਏ ਸਨ। ਮਾਹਿਰਾਂ ਨੇ ਦੱਸਿਆ ਕਿ ਇਮੀਗ੍ਰੇਸ਼ਨ ਅਧਿਕਾਰੀ ਹੁਣ ਵੀਜ਼ਾ ਜਾਂ ਪਰਮਿਟ ਜਾਰੀ ਹੋਣ ਤੋਂ ਬਾਅਦ ਵੀ ਇਸ ਨੂੰ ਰੱਦ ਕਰ ਸਕਦੇ ਹਨ। ਇਹ ਕਾਰਵਾਈ ਜਹਾਜ਼ 'ਤੇ ਚੜ੍ਹਨ ਤੋਂ ਪਹਿਲਾਂ, ਪੋਰਟ ਆਫ਼ ਐਂਟਰੀ 'ਤੇ ਜਾਂ ਕੈਨੇਡਾ 'ਚ ਰਹਿਣ ਦੀ ਮਿਆਦ ਦੌਰਾਨ ਵੀ ਹੋ ਸਕਦਾ ਹੈ।

ਇਸ ਨਵੇਂ ਢਾਂਚੇ ਤਹਿਤ ਸਟੱਡੀ ਪਰਮਿਟਸ ਤਾਂ ਹੀ ਵੈਲਿਡ ਰਹਿੰਦੇ ਹਨ ਜੇ ਵਿਦਿਆਰਥੀ ਆਪਣੇ ਪੂਰੇ ਸਟੇਅ ਦੌਰਾਨ ਯੋਗਤਾ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਰਹਿਣ। ਰਿਪੋਰਟਾਂ ਅਨੁਸਾਰ 30 ਸਤੰਬਰ 2024 ਤਕ ਕੈਨੇਡਾ 'ਚ 5.10 ਲੱਖ ਭਾਰਤੀ ਸਟੱਡੀ-ਪਰਮਿਟ ਹੋਲਡਰਜ਼ ਸਨ ਜੋ ਕੁੱਲ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਲਗਭਗ 40 ਫ਼ੀਸਦੀ ਬਣਦੇ ਹਨ।

ਨਵੇਂ ਨਿਯਮਾਂ ਮੁਤਾਬਿਕ ਹੁਣ ਇੱਥੇ ਜਾਇਜ਼ ਤੌਰ 'ਤੇ ਰਹਿਣ ਵਾਲੇ ਵਿਦਿਆਰਥੀ ਦਾ ਇੱਕ ਮਾਨਤਾਪ੍ਰ

ਸਸਤਾ ਹਵਾਈ ਸਫ਼ਰ 604-217-4114
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਸਸਤੀ ਟਿਕਟਾਂ ਲਈ 604-504-3400
ਡਾਲਰ ਦਾ ਵਧੀਆ ਰੇਟ? 778-246-2500
ਬੈੱਡ ਬੱਗਜ਼ ਖ਼ਤਮ 604-999-7378
ਮਰਦਾਨਾ ਕਮਜ਼ੋਰੀ 416-992-5489
KEY CUTTING AND PROGRAMMING 236-999-7980

Delhi Blast ਦੇ ਅਤਿਵਾਦੀ ਦੀ ਤਸਵੀਰ ਰੀਲੀਜ਼

ਨਵੀਂ ਦਿੱਲੀ: ਸੋਮਵਾਰ ਸ਼ਾਮ ਨੂੰ ਰਾਜਧਾਨੀ ਦਿੱਲੀ ਉਸ ਸਮੇਂ ਹਿੱਲ ਗਈ ਜਦੋਂ ਲਾਲ ਕਿਲ੍ਹੇ ਦੇ ਨੇੜੇ ਖੜੀ ਇੱਕ i20 ਕਾਰ 'ਚ ਇੱਕ ਜ਼ੋਰਦਾਰ ਧਮਾਕਾ ਹੋਇਆ। ਧਮਾਕਾ ਇੰਨਾ ਜ਼ੋਰਦਾਰ ਸੀ ਕਿ ਉਸ ਦੀ ਆਵਾਜ਼ ਦੂਰ-ਦੂਰ ਤਕ ਸੁਣਾਈ ਦਿੱਤੀ। ਉਸ ਬਲਾਸਟ 'ਚ ਬਹੁਤ ਸਾਰੇ ਲੋਕਾਂ ਦੀ ਦਰਦਨਾਕ ਮੌਤ ਹੋਈ। ਇਸ ਧਮਾਕੇ ਨੇ ਨਾ ਸਿਰਫ਼ ਨੇੜਲੇ ਕਈ ਵਾਹਨਾਂ ਨੂੰ ਤਬਾਹ ਕਰ ਦਿੱਤਾ ਸਗੋਂ ਪੂਰੇ ਭਾਰਤ 'ਚ ਸਨਸਨੀ ਮਚਾ ਕੇ ਰੱਖ ਦਿੱਤੀ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਕੋਈ ਆਮ ਹਾਦਸਾ ਨਹੀਂ ਸੀ ਸਗੋਂ ਇੱਕ ਆਤਮਘਾਤੀ ਹਮਲਾ ਸੀ। ਇਸ ਧਮਾਕੇ ਦਾ ਮਾਸਟਰਮਾਈਂਡ ਇੱਕ ਡਾਕਟਰ ਨਿਕਲਿਆ।

ਜਾਣਕਾਰੀ ਮੁਤਾਬਿਕ ਮੰਗਲਵਾਰ ਨੂੰ ਧਮਾਕੇ ਤੋਂ ਠੀਕ ਪਹਿਲਾਂ ਦੀ ਇੱਕ CCTV ਫੁਟੇਜ ਸਾਹਮਣੇ ਆਈ ਹੈ ਜਿਸ 'ਚ ਇੱਕ ਚਿੱਟੀ i20 ਕਾਰ ਪਾਰਕਿੰਗ ਤੋਂ ਬਾਹਰ ਨਿਕਲਦੀ ਦਿਖਾਈ ਦੇ ਰਹੀ ਹੈ। ਡਾਕਟਰ ਮੁਹੰਮਦ ਉਮਰ ਦੇ ਉਸ 'ਚ ਹੋਣ ਦਾ ਸ਼ੱਕ ਹੈ।

ਇਸ ਹਮਲੇ ਨੂੰ ਲੈ ਕੇ ਹੁਣ ਇੱਕ ਸਨਸਨੀਖ਼ੇਜ਼ ਖ਼ੁਲਾਸਾ ਹੋਇਆ ਹੈ। ਯਾਨੀ ਹਮਲੇ ਨੂੰ ਅੰਜਾਮ ਦੇਣ ਵਾਲੇ ਅਤਿਵਾਦੀ ਉਮਰ ਦੀ ਪਹਿਲੀ ਤਸਵੀਰ ਸਾਹਮਣੇ ਆ ਗਈ ਹੈ। ਪੁਲੀਸ ਮੁਤਾਬਿਕ ਉਮਰ ਫ਼ਰੀਦਾਬਾਦ ਮੌਜੀਊਲ ਦਾ ਹਿੱਸਾ ਹੋ ਸਕਦਾ ਹੈ। ਬੀਤੇ ਦਿਨੇ ਜੰਮੂ-ਕਸ਼ਮੀਰ ਪੁਲੀਸ ਨੇ ਹਰਿਆਣਾ ਦੇ ਫ਼ਰੀਦਾਬਾਦ ਤੋਂ ਲਖਨਊ ਤਕ 2,900 ਕਿਲੋਗ੍ਰਾਮ ਵਿਸਫ਼ੋਟਕ (ਸ਼ੱਕੀ ਅਮੋਨੀਅਮ ਨਾਈਟ੍ਰੇਟ) ਜ਼ਬਤ ਕੀਤਾ ਸੀ।

ਦੂਜੇ ਪਾਸੇ ਦਿੱਲੀ ਪੁਲੀਸ ਦੀ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਕਾਰ 'ਚ ਸਿਰਫ਼ ਇੱਕ ਵਿਅਕਤੀ ਮੌਜੂਦ ਸੀ।

ਪੁਲੀਸ ਸੂਤਰਾਂ ਅਨੁਸਾਰ ਅਤਿਵਾਦੀ ਉਮਰ ਦਾ ਜਨਮ 24 ਫ਼ਰਵਰੀ 1989 ਨੂੰ ਹੋਇਆ ਸੀ, ਅਤੇ ਉਹ ਜੰਮੂ-ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਕੋਇਲ ਪਿੰਡ ਦਾ ਰਹਿਣ ਵਾਲਾ ਸੀ। ਉਹ ਫ਼ਰੀਦਾਬਾਦ ਦੇ ਅਲ-ਫ਼ਲਾਹ ਮੈਡੀਕਲ ਕਾਲਜ 'ਚ ਇੱਕ ਡਾਕਟਰ ਵਜੋਂ ਕੰਮ ਕਰਦਾ ਸੀ। ਜਾਂਚ ਤੋਂ ਪਤਾ ਲੱਗਾ ਹੈ ਕਿ ਧਮਾਕੇ 'ਚ ਵਰਤੀ ਗਈ i20 ਕਾਰ ਪਹਿਲਾਂ ਦੋ ਵਾਰ ਵੇਚੀ ਜਾ ਚੁੱਕੀ ਸੀ। ਉਮਰ ਨੂੰ ਆਖਰੀ ਵਿਕਰੀ 10 ਦਿਨ ਪਹਿਲਾਂ ਫ਼ਰੀਦਾਬਾਦ ਦੇ ਇੱਕ ਨਿਵਾਸੀ ਦੁਆਰਾ ਕੀਤੀ ਗਈ ਸੀ।

ਇਸ ਨਾਲ ਪੁਲੀਸ ਨੂੰ ਸਪੱਸ਼ਟ ਸੰਕੇਤ ਮਿਲ ਗਿਆ ਹੈ ਕਿ ਫ਼ਰੀਦਾਬਾਦ ਅਤੇ ਕਸ਼ਮੀਰ ਦੇ ਨੈੱਟਵਰਕ ਇਸ ਘਟਨਾ ਨਾਲ ਡੂੰਘਾਈ ਨਾਲ ਜੁੜੇ ਹੋਏ ਹਨ। ਖ਼ੁਫ਼ੀਆ ਏਜੰਸੀਆਂ ਅਨੁਸਾਰ ਡਾਕਟਰ ਉਮਰ ਡਾਕਟਰ ਆਦਿਲ ਨਾਮਕ ਇੱਕ ਵਿਅਕਤੀ ਦਾ ਕਰੀਬੀ ਸਾਥੀ ਸੀ। ਦੋਵੇਂ ਟੈਲੀਗ੍ਰਾਮ 'ਤੇ ਸਰਗਰਮ ਇੱਕ ਕੱਟੜਪੰਥੀ ਡਾਕਟਰਾਂ ਦੇ ਸਮੂਹ ਨਾਲ ਜੁੜੇ ਹੋਏ ਸਨ।

ਇਹ ਸਮੂਹ ਦੇਸ਼ ਭਰ ਦੇ ਨੌਜਵਾਨਾਂ 'ਚ ਧਾਰਮਿਕ ਜਨੂੰਨ ਅਤੇ ਅਤਿਵਾਦੀ ਗਤੀਵਿਧੀਆਂ ਨੂੰ ਭੜਕਾਉਣ ਦਾ ਕੰਮ ਕਰਦਾ ਸੀ। ਜਾਂਚ ਏਜੰਸੀਆਂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਡਾਕਟਰ ਉਮਰ ਤਿੰਨ ਘੰਟਿਆਂ ਤਕ ਪਾਰਕਿੰਗ 'ਚ ਖੜ੍ਹੀ ਆਪਣੀ i20 ਕਾਰ 'ਚ ਬੈਠਾ ਰਿਹਾ। ਉਹ ਇੱਕ ਮਿੰਟ ਲਈ ਵੀ ਕਾਰ ਤੋਂ ਬਾਹਰ ਨਹੀਂ ਗਿਆ।

ਜੰਗ ਭੜਕੀ ਤਾਂ ਜਾਪਾਨ ਭੇਜੇਗਾ ਫ਼ੌਜ

ਟੋਕੀਓ: ਦੁਨੀਆਂ ਦੇ ਦੋ ਵੱਡੇ ਏਸ਼ੀਆਈ ਦੇਸ਼ਾਂ, ਜਾਪਾਨ ਅਤੇ ਚੀਨ, ਦਰਮਿਆਨ ਤਾਈਵਾਨ ਨੂੰ ਲੈ ਕੇ ਫ਼ੌਜੀ ਦਖ਼ਲਅੰਦਾਜ਼ੀ ਦੀ ਸੰਭਾਵਨਾ 'ਤੇ ਇੱਕ ਗੰਭੀਰ ਵਿਵਾਦ ਖੜ੍ਹਾ ਹੋ ਗਿਆ ਹੈ। ਇਸ ਵਿਵਾਦ ਦੀ ਜੜ੍ਹ ਜਾਪਾਨ ਦੀ ਨਵੀਂ ਪ੍ਰਧਾਨ ਮੰਤਰੀ ਸਾਨਾਏ ਤਾਕਾਈਚੀ ਦੇ ਉਸ ਬਿਆਨ 'ਚ ਹੈ ਜਿੱਥੇ ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਤਾਈਵਾਨ ਉੱਤੇ ਹਮਲਾ ਹੋਇਆ ਤਾਂ ਉਹ ਆਪਣੇ ਦੇਸ਼ ਦੀਆਂ ਸਵੈ-ਰੱਖਿਆ ਫ਼ੌਜਾਂ (Self-defence Forces) ਦੀ ਤਾਇਨਾਤੀ ਕਰ ਸਕਦੀ ਹੈ।

ਤਾਕਾਈਚੀ ਨੇ ਕਿਹਾ ਤਿਆਰ ਰਹੋ: ਪ੍ਰਧਾਨ ਮੰਤਰੀ ਤਾਕਾਈਚੀ, ਜੋ ਕਿ ਪਿਛਲੇ ਮਹੀਨੇ ਜਾਪਾਨ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਬਣੀ ਸੀ ਅਤੇ ਚੀਨ ਪ੍ਰਤੀ ਸਖ਼ਤ ਵਿਚਾਰ ਰੱਖਦੀ ਹੈ, ਨੇ ਜ਼ੋਰ ਦੇ ਕੇ ਕਿਹਾ ਕਿ ਜਾਪਾਨ ਸਮੂਹਿਕ ਸਵੈ-ਰੱਖਿਆ ਦੇ ਆਪਣੇ ਅਧਿਕਾਰ ਦੀ ਵਰਤੋਂ ਕਰ ਸਕਦਾ ਹੈ। ਉਨ੍ਹਾਂ ਇੱਕ ਸੰਸਦੀ ਕਮੇਟੀ ਨੂੰ ਦੱਸਿਆ ਕਿ ਟੋਕੀਓ ਨੂੰ ਤਾਈਵਾਨ ਸਟ੍ਰੇਟ 'ਚ ਸਭ ਤੋਂ ਮਾੜੇ ਹਾਲਾਤਾਂ ਦੀ ਉਮੀਦ ਕਰਨੀ ਪਵੇਗੀ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਤਾਈਵਾਨ 'ਚ ਕਿਸੇ ਐਮਰਜੈਂਸੀ 'ਚ ਜੰਗੀ ਬੇੜੇ ਅਤੇ ਤਾਕਤ ਦੀ ਵਰਤੋਂ ਹੁੰਦੀ ਹੈ ਤਾਂ ਇਹ ਜਾਪਾਨ ਦੀ ਹੋਂਦ ਨੂੰ ਸਖ਼ਤ ਖ਼ਤਰਾ ਪੈਦਾ ਕਰ ਸਕਦਾ ਹੈ। ਤਾਕਾਈਚੀ ਨੇ ਆਪਣੇ ਇਸ ਸਟੈਂਡ ਤੋਂ ਪਿੱਛੇ ਹਟਣ ਤੋਂ ਇਨਕਾਰ ਕਰ ਦਿੱਤਾ।

ਚੀਨ ਨੇ ਦਿੱਤੀ ਗਰਦਨ ਕੱਟਣ ਦੀ ਧਮਕੀ: ਇਸ ਵਿਵਾਦ ਨੇ ਹਫ਼ਤੇ ਦੇ ਅੰਤ 'ਚ ਹੋਰ ਵੀ ਗੰਭੀਰ ਰੂਪ ਲੈ ਲਿਆ ਜਦੋਂ ਓਸਾਕਾ 'ਚ ਚੀਨ ਦੇ ਕੌਂਸਲ ਜਨਰਲ ਜ਼ੂ ਜਿਆਨ ਨੇ ਸੋਸ਼ਲ ਮੀਡੀਆ ਪਲੈਟਫ਼ੌਰਮ X 'ਤੇ ਇੱਕ ਧਮਕੀ ਭਰਿਆ ਪੋਸਟ ਕੀਤਾ। ਤਾਕਾਈਚੀ ਦੀਆਂ ਟਿੱਪਣੀਆਂ ਦਾ ਹਵਾਲਾ ਦਿੰਦਿਆਂ ਜ਼ੂ ਜਿਆਨ ਨੇ ਲਿਖਿਆ, "ਸਾਡੇ ਕੋਲ ਕੋਈ ਚਾਰਾ ਨਹੀਂ, ਪਰ ਉਸ ਗੰਦੀ ਗਰਦਨ ਨੂੰ ਬਿਨਾਂ ਝਿਜਕ ਕੱਟ ਦੇਣਾ ਹੈ ਜੋ ਸਾਡੇ ਵੱਲ ਉੱਠੀ ਹੋਈ ਹੈ। ਕੀ ਤੁਸੀਂ ਤਿਆਰ ਹੋ?"

ਜ਼ਿਕਰਯੋਗ ਹੈ ਕਿ ਚੀਨ ਤਾਈਵਾਨ ਨੂੰ ਆਪਣਾ ਸੂਬਾ ਮੰਨਦਾ ਹੈ ਅਤੇ ਉਸ ਨੂੰ ਆਪਣੇ ਨਾਲ ਮਿਲਾਉਣ ਲਈ ਤਾਕਤ ਦੀ ਵਰਤੋਂ ਤੋਂ ਇਨਕਾਰ ਨਹੀਂ ਕਰਦਾ। ਤਾਈਵਾਨ, ਜੋ ਕਿ ਇੱਕ ਸਵੈ-ਪ੍ਰਸ਼ਾਸਿਤ ਲੋਕਤੰਤਰ ਹੈ, ਜਾਪਾਨ ਦੇ ਸਭ ਤੋਂ ਪੱਛਮੀ ਟਾਪੂ ਤੋਂ ਸਿਰਫ਼ 100 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ISI ਵੱਲੋਂ ਰੂਸ ਦੀ S-400 ਤਕਨਾਲੌਜੀ ਚੋਰੀ ਕਰਨ ਦੀ ਕੋਸ਼ਿਸ਼

ਮੌਸਕੋ: ਰੂਸ ਦੀਆਂ ਖ਼ੁਫ਼ੀਆ ਏਜੰਸੀਆਂ ਨੇ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ISI) ਦੁਆਰਾ ਚਲਾਏ ਜਾ ਰਹੇ ਇੱਕ ਖ਼ੁਫ਼ੀਆ ਜਾਸੂਸੀ ਨੈੱਟਵਰਕ ਦਾ ਪਰਦਾਫ਼ਾਸ਼ ਕੀਤਾ ਹੈ। ਇਹ ਨੈੱਟਵਰਕ ਰੂਸੀ ਏਅਰ ਡਿਫ਼ੈਂਸ ਅਤੇ ਹੈਲੀਕੌਪਟਰ ਤਕਨਾਲੋਜੀ ਦੀ ਚੋਰੀ ਦੀ ਕੋਸ਼ਿਸ਼ ਕਰ ਰਿਹਾ ਸੀ।

ਇਸ ਵੱਡੇ ਔਪ੍ਰੇਸ਼ਨ ਤਹਿਤ ਸੇਂਟ ਪੀਟਰਜ਼ਬਰਗ ਤੋਂ ਇੱਕ ਰੂਸੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਂਚ ਦੌਰਾਨ ਉਸ ਕੋਲੋਂ Mi-8AMTShV ਮਿਲਟਰੀ ਹੈਲੀਕੌਪਟਰ ਅਤੇ ਏਅਰ ਡਿਫ਼ੈਂਸ ਸਿਸਟਮਜ਼ ਨਾਲ ਸਬੰਧਤ ਗੁਪਤ ਤਕਨੀਕੀ ਫ਼ਾਈਲਾਂ ਬਰਾਮਦ ਹੋਈਆਂ ਹਨ।

ਦੱਸਿਆ ਜਾ ਰਿਹਾ ਹੈ ਕਿ ISI ਦਾ ਮਕਸਦ ਰੂਸ ਤੋਂ ਉਹ ਤਕਨੀਕਾਂ ਹਾਸਿਲ ਕਰਨਾ ਸੀ ਜੋ ਭਾਰਤ ਕੋਲ ਮੌਜੂਦ S-400 ਮਿਜ਼ਾਈਲ ਸਿਸਟਮ 'ਚ ਵਰਤੀਆਂ ਜਾਂਦੀਆਂ ਹਨ। ਰੂਸ ਦੁਆਰਾ ਤਿਆਰ ਕੀਤੇ ਗਏ S-400 ਏਅਰ ਡਿਫ਼ੈਂਸ ਸਿਸਟਮ ਨੇ ਭਾਰਤੀ ਹਵਾਈ ਸੈਨਾ ਨੂੰ ਰਣਨੀਤਕ ਲਾਭ ਦਿੱਤਾ ਹੈ। ਇਸ ਤੋਂ ਇਲਾਵਾ ਭਾਰਤ ਹੁਣ ਪੰਜ ਹੋਰ S-400 ਸਿਸਟਮ ਖ਼ਰੀਦਣ ਦੀ ਯੋਜਨਾ ਬਣਾ ਰਿਹਾ ਹੈ।

ਸੂਤਰਾਂ ਅਨੁਸਾਰ ਇਹ ਨਵਾਂ ਔਪ੍ਰੇਸ਼ਨ ਸਿੰਧੂਰ ਔਪ੍ਰੇਸ਼ਨ ਤੋਂ ਕੁਝ ਮਹੀਨਿਆਂ ਬਾਅਦ ਸਾਹਮਣੇ ਆਇਆ ਹੈ। ਔਪ੍ਰੇਸ਼ਨ ਸਿੰਦੂਰ ਦੌਰਾਨ ਵੀ ISI ਨੇ ਰੂਸ ਤੋਂ ਐਡਵਾਂਸਡ ਏਅਰ ਡਿਫ਼ੈਂਸ ਤਕਨਾਲੋਜੀ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਸੀ।

ਇਸ ਜਾਸੂਸੀ ਨੈੱਟਵਰਕ ਦਾ ਪਰਦਾਫ਼ਾਸ਼ ਹੋਣ ਤੋਂ ਬਾਅਦ ਰੂਸ ਨੇ ਪਾਕਿਸਤਾਨ ਨੂੰ ਲੈ ਕੇ ਸਖ਼ਤ ਰੁਖ਼ ਅਪਨਾਇਆ ਹੈ। ਹਾਲ ਹੀ 'ਚ ਮੌਸਕੋ ਸਥਿਤ ਰੂਸੀ ਦੂਤਾਵਾਸ ਨੇ ਇੱਕ ਪਾਕਿਸਤਾਨੀ ਅਖ਼ਬਾਰ 'ਚ ਛਪੀ ਇੱਕ ਰੂਸ ਵਿਰੋਧੀ ਰਿਪੋਰਟ 'ਤੇ ਵੀ ਸਖ਼ਤ ਇਤਰਾਜ਼ ਜਤਾਇਆ ਸੀ।

12 Beds, 7 Baths For 24 Guests 416-816-8500
ਮਰਦਾਨਾ ਕਮਜ਼ੋਰੀ 416-992-5489

ਮਰਦਾਨਾ ਕਮਜ਼ੋਰੀ 416-992-5489
12 Beds, 7 Baths For 24 Guests 416-816-8500
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਬੈੱਡ ਬੱਗਜ਼ ਖ਼ਤਮ 604-999-7378
ਡਾਲਰ ਦਾ ਵਧੀਆ ਰੇਟ? 778-246-2500
ਵਿਜ਼ਟਰ ਇੰਸ਼ੋਰੈਂਸ 778-317-6262
12 Beds, 7 Baths For 24 Guests 416-816-8500
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000

63 ਫ਼ੀਸਦੀ ਨੌਜਵਾਨ ਛੱਡਣਾ ਚਾਹੁੰਦੇ ਨੇ US

ਵਾਸ਼ਿੰਗਟਨ: ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ USA 'ਚ ਨੌਜਵਾਨ ਪੀੜ੍ਹੀ ਦਾ ਆਪਣੇ ਹੀ ਦੇਸ਼ ਤੋਂ ਮੋਹ ਭੰਗ ਹੋ ਰਿਹਾ ਹੈ। ਅਮਰੀਕੀ ਮਨੋਵਿਗਿਆਨਕ ਐਸੋਸੀਏਸ਼ਨ ਵਲੋਂ ਕੀਤੇ ਗਏ ਇੱਕ ਨਵੇਂ ਸਰਵੇਖਣ ਅਨੁਸਾਰ 18 ਤੋਂ 34 ਸਾਲ ਦੀ ਉਮਰ ਵਰਗ ਦੇ ਲਗਭਗ 63 ਫ਼ੀਸਦੀ ਨੌਜਵਾਨ ਹੁਣ ਅਮਰੀਕਾ ਛੱਡਣ ਬਾਰੇ ਵਿਚਾਰ ਕਰ ਰਹੇ ਹਨ।

ਇੱਕ ਸਾਲ 'ਚ ਆਇਆ ਵੱਡਾ ਉਛਾਲ: ਇਸ ਅੰਕੜੇ ਨੇ ਮਾਹਿਰਾਂ ਦੀ ਚਿੰਤਾ ਵਧਾ ਦਿੱਤੀ ਹੈ ਕਿਉਂਕਿ ਪਿਛਲੇ ਸਾਲ ਇਹ ਅੰਕੜਾ ਸਿਰਫ਼ 41 ਫ਼ੀਸਦੀ ਸੀ। ਇਸ ਵੱਡੇ ਵਾਧੇ ਪਿੱਛੇ ਮੁੱਖ ਕਾਰਨਾਂ 'ਚ ਵਿੱਤੀ ਸੰਕਟ, ਰਾਜਨੀਤਿਕ ਅਸਥਿਰਤਾ, ਵਧਦੀ ਮਹਿੰਗਾਈ ਅਤੇ ਜਲਵਾਯੂ ਸੰਕਟ ਸ਼ਾਮਿਲ ਹਨ।

ਥੱਕ ਚੁੱਕੇ ਹਨ ਅਮਰੀਕੀ ਕਰਮਚਾਰੀ: ਰਿਪੋਰਟਾਂ ਅਨੁਸਾਰ ਕੋਵਿਡ-19 ਮਹਾਂਮਾਰੀ ਤੋਂ ਬਾਅਦ ਆਰਥਿਕ ਚੁਣੌਤੀਆਂ ਤੇ ਬੇਰੁਜ਼ਗਾਰੀ 'ਚ ਵਾਧੇ ਨੇ ਸਥਿਤੀ ਨੂੰ ਹੋਰ ਵੀ ਵਿਗਾੜ ਦਿੱਤਾ ਹੈ। ਇਸ ਦੇ ਨਾਲ ਹੀ ਕੰਮ ਦਾ ਜ਼ਿਆਦਾ ਤਨਾਅ ਵੀ ਇੱਕ ਵੱਡੀ ਵਜ੍ਹਾ ਹੈ। ਸਰਵੇਖਣ 'ਚ ਸ਼ਾਮਿਲ 10 'ਚੋਂ ਨੌਂ ਅਮਰੀਕੀ ਕਰਮਚਾਰੀਆਂ ਨੇ ਦੱਸਿਆ ਕਿ ਉਹ ਕੰਮ ਦੇ ਬੋਝ ਅਤੇ ਵਧਦੀਆਂ ਜ਼ਿੰਮੇਵਾਰੀਆਂ ਕਾਰਨ ਮਾਨਸਿਕ ਤੌਰ 'ਤੇ ਥੱਕ ਚੁੱਕੇ ਹਨ।

ਨੌਜਵਾਨਾਂ ਦੀ ਚਿੰਤਾ ਦੇ ਮੁੱਖ ਪੰਜ ਕਾਰਨ: ਸਰਵੇਖਣ 'ਚ ਉਹ ਪੰਜ ਮੁੱਖ ਕਾਰਨ ਸਾਹਮਣੇ ਆਏ ਹਨ ਜੋ ਨੌਜਵਾਨਾਂ ਨੂੰ ਦੇਸ਼ ਛੱਡਣ ਲਈ ਪ੍ਰੇਰਿਤ ਕਰ ਰਹੇ ਹਨ। 1. ਹੈੱਲਥ ਇੰਸ਼ੋਰੈਂਸ ਅਤੇ ਸਿਹਤ ਖ਼ਰਚਿਆਂ 'ਚ ਭਾਰੀ ਵਾਧਾ। 2. ਮਹਿੰਗਾਈ ਦਰ ਅਤੇ ਊਰਜਾ ਖ਼ਰਚਿਆਂ 'ਚ ਆਇਆ ਉਛਾਲ। 3. ਖਾਣ-ਪੀਣ ਦੀਆਂ ਵਸਤੂਆਂ ਦੀਆਂ ਕੀਮਤਾਂ 'ਚ ਵਾਧਾ। 4. ਵੱਡੇ ਪੱਧਰ 'ਤੇ ਸਮੂਹਿਕ ਛਾਂਟੀ ਅਤੇ ਨੌਕਰੀਆਂ ਦੀ ਅਨਿਸ਼ਚਿਤਤਾ।

5. ਸਰਕਾਰੀ ਫ਼ੈਸਲਿਆਂ ਦੀ ਅਨਿਸ਼ਚਿਤਤਾ ਅਤੇ ਸ਼ਟਡਾਊਨ ਵਰਗੀਆਂ ਘਟਨਾਵਾਂ ਜਿਨ੍ਹਾਂ ਨੇ ਨੌਜਵਾਨਾਂ ਨੂੰ ਅਸੁਰੱਖਿਅਤ ਮਹਿਸੂਸ ਕਰਵਾਇਆ ਹੈ।

ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਭੋਜਨ ਅਤੇ ਹੋਰ ਸਰਕਾਰੀ ਸਹਾਇਤਾ ਤੋਂ ਵੀ ਵਾਂਝੇ ਰਹਿਣਾ ਪੈ ਰਿਹਾ ਹੈ ਜਿਸ ਕਾਰਨ ਉਨ੍ਹਾਂ ਦੇ ਰੋਜ਼ਾਨਾ ਜੀਵਨ 'ਚ ਤਨਾਅ ਲਗਾਤਾਰ ਵੱਧ ਰਿਹਾ ਹੈ।

ਜੈਸ਼ ਦੀ ਲੇਡੀ ਟੈਰਰ ਦੀ ਫ਼ੋਟੋ ਜਾਰੀ

ਨਵੀਂ ਦਿੱਲੀ: ਦਿੱਲੀ ਬੰਬ ਧਮਾਕੇ ਦੇ ਮਾਮਲੇ 'ਚ ਜੁੜੀ ਜੈਸ਼ ਦੀ ਲੇਡੀ ਟੈਰਰ ਹੈੱਡ ਡਾ. ਸ਼ਾਹੀਨਾ ਦੀ ਪਹਿਲੀ ਫ਼ੋਟੋ ਸਾਹਮਣੇ ਆਈ ਹੈ। ਜਾਂਚ ਏਜੰਸੀਆਂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਡਾ. ਸ਼ਾਹੀਨਾ ਭਾਰਤ 'ਚ ਮਹਿਲਾ ਵਿੰਗ ਜਮਾਤ ਉਲ ਮੋਮੀਨਤ ਨੂੰ ਚਲਾਉਣ ਅਤੇ ਨਵੇਂ ਭਰਤੀ ਕਰਨ ਲਈ ਜ਼ਿੰਮੇਵਾਰ ਸੀ। ਉਸ ਦੀ ਗ੍ਰਿਫ਼ਤਾਰੀ ਇਸ ਪੂਰੇ ਅਤਿਵਾਦੀ ਨੈੱਟਵਰਕ ਨੂੰ ਖ਼ਤਮ ਕਰਨ ਵੱਲ ਇੱਕ ਮਹੱਤਵਪੂਰਣ ਕਦਮ ਹੈ ਜਿਸ 'ਚ ਕਈ ਕੱਟੜਪੰਥੀ ਡਾਕਟਰਜ਼ ਸ਼ਾਮਿਲ ਸਨ। ਡਾ. ਸ਼ਾਹੀਨਾ 'ਤੇ ਅਤਿਵਾਦੀ ਸੰਗਠਨ ਲਈ ਔਰਤਾਂ ਨੂੰ ਸਿਖਲਾਈ ਦੇਣ ਅਤੇ ਦੇਸ਼ ਦੇ ਅੰਦਰ ਸੰਗਠਨ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਦੇ ਗੰਭੀਰ ਦੋਸ਼ ਹਨ। ਇਸ ਫ਼ੋਟੋ ਅਤੇ ਹੋਰ ਸਬੂਤਾਂ ਦੇ ਆਧਾਰ 'ਤੇ ਸੁਰੱਖਿਆ ਏਜੰਸੀਆਂ ਹੁਣ ਉਸ ਦੇ ਪੂਰੇ ਨੈੱਟਵਰਕ ਅਤੇ ਗਤੀਵਿਧੀਆਂ ਦੀ ਡੂੰਘਾਈ ਨਾਲ ਜਾਂਚ ਕਰ ਰਹੀਆਂ ਹਨ।

ਟੈਲੀਗ੍ਰਾਮ 'ਤੇ ਚਲਾਈ ਸੀ ਸਾਰੀ ਖੇਡ: ਖ਼ੁਫ਼ੀਆ ਏਜੰਸੀਆਂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਡਾ. ਸ਼ਾਹੀਨਾ ਨੂੰ ਭਾਰਤ 'ਚ ਜੈਸ਼-ਏ-ਮੁਹੰਮਦ ਦੇ ਮਹਿਲਾ ਵਿੰਗ ਜਮਾਤ-ਉਲ-ਮੋਮਿਨਤ ਦੀ ਕਮਾਨ ਸੌਂਪੀ ਗਈ ਸੀ। ਇਸ ਵਿੰਗ ਦਾ ਮੁੱਖ ਕੰਮ ਭਾਰਤ 'ਚ ਔਰਤਾਂ ਨੂੰ ਕੱਟੜਪੰਥੀ ਬਣਾਉਣਾ, ਅਤੇ ਉਨ੍ਹਾਂ ਨੂੰ ਅਤਿਵਾਦੀ ਸੰਗਠਨ ਲਈ ਭਰਤੀ ਕਰਨਾ ਸੀ। ਰਿਪੋਰਟਾਂ ਅਨੁਸਾਰ ਇੱਕ ਟੈਲੀਗ੍ਰਾਮ ਸਮੂਹ ਬਣਾਇਆ ਗਿਆ ਸੀ ਜਿਸ ਦੀ ਵਰਤੋਂ ਲੋਕਾਂ ਨੂੰ ਕੱਟੜਪੰਥੀ ਬਣਾਉਣ ਲਈ ਕੀਤੀ ਜਾਂਦੀ ਸੀ। ਹੈਰਾਨੀ ਦੀ ਗੱਲ ਹੈ ਕਿ ਇਸ ਸਮੂਹ 'ਚ ਕਈ ਗ੍ਰਿਫ਼ਤਾਰ ਅਤੇ ਮਾਰੇ ਗਏ ਡਾਕਟਰਜ਼ ਸ਼ਾਮਿਲ ਸਨ। ਸ਼ਾਹੀਨਾ ਨੂੰ ਖ਼ਾਸ ਤੌਰ 'ਤੇ ਭਾਰਤ 'ਚ ਔਰਤਾਂ ਨੂੰ ਜੇਹਾਦ ਲਈ ਪ੍ਰੇਰਿਤ ਕਰਨ ਅਤੇ ਅਤਿਵਾਦੀ ਮਿਸ਼ਨਾਂ 'ਚ ਸ਼ਾਮਿਲ ਹੋਣ ਦਾ ਕੰਮ ਸੌਂਪਿਆ ਗਿਆ ਸੀ।

ਜੈਸ਼ ਦਾ ਇਹ ਮਹਿਲਾ ਵਿੰਗ - ਜਿਸ ਦਾ ਉਦੇਸ਼ ਮਨੋਵਿਗਿਆਨਕ ਯੁੱਧ, ਪ੍ਰਚਾਰ ਅਤੇ ਫ਼ੰਡਿੰਗ 'ਚ ਔਰਤਾਂ ਨੂੰ ਸ਼ਾਮਿਲ ਕਰਨਾ ਹੈ - ਸਿੱਧੇ ਪਾਕਿਸਤਾਨ ਤੋਂ ਕੰਮ ਕਰ ਰਿਹਾ

ਮਰਦਾਨਾ ਕਮਜ਼ੋਰੀ 416-992-5489
12 Beds, 7 Baths For 24 Guests 905-965-4644
ਮਰਦਾਨਾ ਕਮਜ਼ੋਰੀ 416-992-5489
ਬੈੱਡ ਬੱਗਜ਼ ਖ਼ਤਮ 604-999-7378
ਸਸਤਾ ਹਵਾਈ ਸਫ਼ਰ 604-217-4114
ਵਿਜ਼ਟਰ ਇੰਸ਼ੋਰੈਂਸ 778-317-6262
12 Beds, 7 Baths For 24 Guests 905-965-4644
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000

Kalm Language Development Foundation Of North America

ਦੀ ਇਸ ਮਹੀਨੇ ਦੀ ਮੀਟਿੰਗ ਰਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ

ਬਲਦੇਵ ਧਾਲੀਵਾਲ ਰਾਏਸਰ

ਮਿਸੀਸਾਗਾ: ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਹਾੜੇ ਨੂੰ ਮੁੱਖ ਰੱਖਦਿਆਂ 8 ਨਵੰਬਰ ਦਿਨ ਸ਼ਨੀਵਾਰ ਨੂੰ **Kalm Language Development Foundation Of North America** ਵਲੋਂ ਇੱਕ ਵਿਸ਼ੇਸ਼ ਪ੍ਰੋਗਰਾਮ **7015 Tranmere Drive, Unit 1 & 2 Mississauga** 'ਤੇ ਸਥਿਤ **Ajit Bhawan** ਦੇ **Prof. Darshan Singh Bains** ਯਾਦਗਾਰੀ ਹਾਲ 'ਚ ਹੋਇਆ। ਬਹੁਤ ਹੀ ਸੰਜੀਦਾ ਅਤੇ ਉੱਘੇ ਐਂਕਰ ਨੀਟਾ ਬਲਵਿੰਦਰ ਨੇ ਮੈ ਚੁੱਪ ਰਹਾ ਤੋ ਔਰ ਗ਼ਲਤਫ਼ਹਿਮੀਆਂ ਬੜ੍ਹੀਂ, ਵੋ ਭੀ ਸੁਨਾ ਉਸ ਨੇ ਜੋ ਮੈਨੇ ਕਹਾ ਹੀ ਨਹੀਂ ਸ਼ੇਅਰ ਨਾਲ ਸਟੇਜ ਦੀ ਸ਼ੁਰੂਆਤ ਕੀਤੀ। ਉਪਰੰਤ ਉਨ੍ਹਾਂ ਨੇ ਕੰਵਲਜੀਤ ਕੌਰ ਬੈਂਸ ਅਤੇ ਕੈਪਟਨ ਕੁਲਵੰਤ ਸਿੰਘ ਬੱਲ ਨੂੰ ਪ੍ਰਧਾਨਗੀ ਮੰਡਲ 'ਚ ਬੈਠਣ ਦੀ ਅਰਜ਼ ਕੀਤੀ।

ਉੱਘੇ ਸਾਹਿਤਕਾਰ ਬਲਦੇਵ ਸਿੰਘ ਗੂਹੜੇ ਦੇ ਅਚਾਨਕ ਅਤੇ ਬੇਵਕਤ ਵਿਛੋੜੇ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ। ਉਪਰੰਤ ਸੁਰੂ ਹੋਇਆ ਕਵੀ ਦਰਬਾਰ। ਸਭ ਤੋਂ ਪਹਿਲਾਂ ਕਵਿੱਤਰੀਆਂ ਸੁਮਨ ਮੌਦਗਿਲ, ਮੈਡਮ ਤੁੱਸੜ, ਕੁਲਵਿੰਦਰ ਕੌਰ, ਸਪਨਾ ਅਤੇ ਅਮਰਜੀਤ ਕੌਰ ਨੇ ਆਪੋ ਆਪਣੇ ਧਾਰਮਿਕ ਗੀਤਾਂ ਅਤੇ ਕਵਿਤਾਵਾਂ ਨਾਲ ਬੜੀ ਹੀ ਸ਼ਰਧਾ ਨਾਲ ਵਾਰੀ ਵਾਰੀ ਹਾਜ਼ਰੀ ਲਵਾਈ।

ਉਸ ਮਗਰੋਂ ਭੁਪਿੰਦਰ ਸਿੰਘ ਬਾਜਵਾ, ਬਲਦੇਵ ਧਾਲੀਵਾਲ, ਮੱਲ ਸਿੰਘ ਬਾਸੀ, ਦਵਿੰਦਰ ਸਿੰਘ ਸੰਘਾ, ਨਾਹਰ ਸਿੰਘ ਕਰੜਾ, ਨਰਿੰਦਰ ਸਿੰਘ ਮੱਟੂ, ਪ੍ਰਿੰਸੀਪਲ ਗਿਆਨ ਸਿੰਘ ਘਈ, ਕੈਪਟਨ ਕੁਲਵੰਤ ਸਿੰਘ ਬੱਲ, ਗੁਰਦਿਆਲ ਸਿੰਘ ਬੱਲ, ਤਰਲੋਚਨ ਸਿੰਘ, ਮਨਮੋਹਣ ਸਿੰਘ ਲਾਲੀ, ਅਜਾਇਬ ਟੱਲੇਵਾਲੀਆ, ਗੁਰਦੇਵ ਸਿੰਘ ਰੱਖੜਾ, ਮਕਸੂਦ ਚੌਧਰੀ, ਨਵੀਦ ਚੌਧਰੀ, ਗੁਰਮੇਲ ਸਿੰਘ ਢਿੱਲੋਂ, ਗੁਰਪਰੀਤ ਬਟਾਲਵੀ, ਪ੍ਰੀਤਮ ਸਿੰਘ ਧੰਜਲ, ਦੀਪੂ ਸੋਰਭ, ਹਰਜੀਇੰਦਰਪਾਲ ਸਿੰਘ ਵਿਰਕ ਅਤੇ ਅਮਰ ਸਿੰਘ ਤੁੱਸੜ ਨੇ ਬਾਬਾ ਨਾਨਕ ਜੀ ਦੇ ਜੀਵਨ 'ਤੇ ਫ਼ੋਕੱਸ ਕਰਦੇ ਗੀਤਾਂ, ਕਵਿਤਾਵਾਂ ਅਤੇ ਭਾਸ਼ਣਾਂ ਨਾਲ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ।

ਇਸ ਸ਼ੁਭ ਅਵਸਰ 'ਤੇ ਸਮਾਜ ਸੇਵੀ ਮਕਸੂਦ ਚੌਧਰੀ ਵਲੋਂ **Kalm Foundation** ਦੇ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਪ੍ਰੋਗ੍ਰਾਮ ਦੇ ਅਖੀਰ 'ਚ **Ajit Weekly** ਦੇ **CEO** ਕੰਵਲਜੀਤ ਕੌਰ ਬੈਂਸ ਨੇ ਬਾਬਾ ਨਾਨਕ ਜੀ ਦੇ ਆਗਮਨ ਪੁਰਬ ਦੀ ਸਾਰਿਆਂ ਨੂੰ ਵਧਾਈ ਦਿੱਤੀ। ਬਾਬਾ ਜੀ ਦੇ ਜੀਵਨ ਯਾਤਰਾਵਾਂ ਅਤੇ ਗੁਰਬਾਣੀ 'ਤੇ ਚਾਨਣਾ ਪਾਉਂਦਿਆਂ ਬੜੀਆਂ ਹੀ ਦਿਲ ਟੁੰਬਦੀਆਂ ਲਾਈਨਾਂ ਬਾਬਾ ਤੇਰਾ ਵਤਨ ਵੀਰਾਨ ਹੋ ਗਿਆ, ਘਰਾਂ ਦਾ ਰਾਖਾ ਹੁਣ ਸ਼ੈਤਾਨ ਹੋ ਗਿਆ ਬੋਲ ਕਿ ਸਾਰਿਆਂ ਦਾ ਧੰਨਵਾਦ ਵੀ ਕੀਤਾ ਅਤੇ ਤਰਕ ਦੇ ਅਧਾਰ 'ਤੇ ਬਾਬਾ ਨਾਨਕ ਜੀ ਦੀ ਗੁਰਬਾਣੀ ਦਾ ਵਖਿਆਨ ਕੀਤਾ।

Ajit Weekly ਦੀ ਮਹਿਮਾਨ ਨਵਾਜ਼ੀ ਤਹਿਤ Akal Sweets & Restaurant (ਜੋ ਡਿਕਸੀ ਗੁਰਦੁਆਰਾ ਸਾਹਿਬ ਦੇ ਸਾਹਮਣੇ ਸਥਿਤ ਅਤੇ 100% Vegetarian ਹੈ), ਤੋਂ ਆਏ ਖਾਣੇ ਦਾ ਅਨੰਦ ਮਾਣਦਿਆਂ ਅਤੇ ਚਾਹ ਦੀਆਂ ਚੁਸਕੀਆਂ ਭਰਦਿਆਂ ਦਸੰਬਰ ਮਹੀਨੇ ਦੇ ਦੂਸਰੇ ਸ਼ਨੀਵਾਰ ਨੂੰ ਮਿਲਣ ਦਾ ਵਾਅਦਾ ਕਰਦਿਆਂ ਸਾਰਿਆਂ ਨੇ ਆਪੋ ਆਪਣੇ ਘਰਾਂ ਨੂੰ ਚਾਲੇ ਪਾਏ।

ਕੁਲ ਮਿਲਾ ਕਿ ਇਹ ਮੀਟਿੰਗ ਸਰੋਤਿਆਂ ਅਤੇ ਸਾਹਿਤਕਾਰਾਂ ਨੂੰ ਇੱਕ ਵਧੀਆ ਮੈਸੇਜ ਦੇ ਕੇ ਅਮਿੱਟ ਛਾਪ ਛੱਡ ਗਈ।

KEY CUTTING AND PROGRAMMING 236-999-7980
12 Beds, 7 Baths For 24 Guests 905-965-4644
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਬੈੱਡ ਬੱਗਜ਼ ਖ਼ਤਮ 604-999-7378
ਡਾਲਰ ਦਾ ਵਧੀਆ ਰੇਟ? 778-246-2500
ਵਿਜ਼ਟਰ ਇੰਸ਼ੋਰੈਂਸ 778-317-6262
ਬੈੱਡ ਬੱਗਜ਼ ਖ਼ਤਮ 604-999-7378
12 Beds, 7 Baths For 24 Guests 416-816-8500